


Scanned by CamScanner
Scanned by CamScanner

# Zafarnamah

ISBN : 978-81921852-7-1

**Translated by**

JAGTAR SINGH SOKHI
Sokhi House, Ward No. 4,
New Colony, Mudki-142060,
District Ferozepur
Ph. : +91 94171-66386
Email : jagtarsokhi@gmail.com

● (2016-2017)

DEV GRAPHICS,
FEROZEPUR CITY-152 002 (PB.)
INDIA

**All right Reserved**

This book is sold subject to the condition that it shall not, by way of trade or otherwise. be lent, resold, hired out or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system or transmitted in any form or by any means (electronic, mechanical, photocopying, recording or otherwise), without the prior written permission of both the copyright owner and the above mentioned publisher of this book.

Scanned by CamScanner

Scanned by CamScanner

# ਜ਼ਫ਼ਰਨਾਮਾ (ਜਿੱਤ ਦਾ ਪੱਤਰ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ 1762 ਬਿਕਰਮੀ ਦੇ ਮੁੱਢ ਵਿੱਚ ਦੀਨਾ ਕਾਂਗੜ (ਪੰਜਾਬ) ਦੇ ਮੁਕਾਮ ਤੋਂ ਔਰੰਗਜ਼ੇਬ ਦੇ ਨਾਮ ਲਿਖਿਆ ਖ਼ਤ 'ਜ਼ਫ਼ਰਨਾਮਾ' ਹੈ। ਇਸ ਖ਼ਤ ਦੇ ਕੁੱਲ ਪ੍ਰਾਪਤ ਸ਼ੇਅਰ 112 ਜਾਂ 115 ਹਨ। ਦਸਮ ਪਿਤਾ ਨੇ ਇਹ ਖ਼ਤ ਭਾਈ ਦਇਆ ਸਿੰਘ ਜੀ ਦੇ ਹੱਥ ਔਰੰਗਜ਼ੇਬ ਕੋਲ਼ ਅਹਿਮਦ ਨਗਰ ਪੁੱਜਦਾ ਕੀਤਾ ਸੀ। ਇਹ ਖ਼ਤ ਫ਼ਾਰਸੀ ਵਿੱਚ ਲਿਖਿਆ ਗਿਆ ਹੈ। ਇਸ ਦਾ ਹਰ ਸ਼ਬਦ ਚੜ੍ਹਦੀ ਕਲਾ ਦੀ ਗਵਾਹੀ ਭਰਦਾ ਹੈ। ਇਸ ਵਿੱਚ ਜਿੱਥੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਕਈ ਗੁਣਾਂ ਦੀ ਪ੍ਰਸੰਸਾ ਕੀਤੀ, ਉੱਥੇ ਨਿਝੱਕ ਹੋ ਕੇ ਉਸ ਦੀਆਂ ਕਮਜ਼ੋਰੀਆਂ ਤੋਂ ਪਰਦਾ ਵੀ ਚੁੱਕਿਆ ਹੈ ਅਤੇ ਤਾੜਨਾ ਵੀ ਕੀਤੀ ਗਈ ਹੈ ਕਿ ਤੂੰ ਬਾਦਸ਼ਾਹ ਹੋ ਕੇ ਵੀ ਈਮਾਨਦਾਰੀ ਤੇ ਧਰਮ ਤੋਂ ਸੱਖਣਾ ਹੈਂ। ਇਹ ਫ਼ਾਰਸੀ ਰਚਨਾ ਗੁਰੂ ਸਾਹਿਬ ਦੀ ਫ਼ਾਰਸੀ ਯੋਗਤਾ ਅਤੇ ਅਧਿਐਨ ਦਾ ਵੀ ਚੰਗਾ ਪ੍ਰਮਾਣ ਪੇਸ਼ ਕਰਦੀ ਹੈ।

ਇਸ ਚਿੱਠੀ ਦੀ ਕਾਵਿ-ਰਚਨਾ ਵਿੱਚਲੇ ਅਲੰਕਾਰਕ ਸ਼ਿੰਗਾਰ ਸਹਿਜ ਸੁਭਾ ਸਜਾਏ ਗਏ ਹਨ ਅਤੇ ਰੂਪਕ ਉਪਮਾਂ ਤੇ ਦ੍ਰਿਸ਼ਟਾਂਤਾਂ ਦੀ ਲੋੜ ਅਨੁਸਾਰ ਚਮਤਕਾਰੀ ਵਰਤੋਂ ਕੀਤੀ ਗਈ ਹੈ।

ਇਸ ਵਿੱਚ ਵਰਤਿਆ ਛੰਦ ਆਮ ਮਸ--ਨਵੀਆਂ ਵਿੱਚ ਵਰਤਿਆ ਜਾਣ ਵਾਲ਼ਾ ਫ਼ਾਰਸੀ ਦਾ ਪ੍ਰਸਿੱਧ ਬਹਿਰ ਹੈ। ਇਸ ਛੰਦ ਦਾ ਵਜ਼ਨ



Scanned by CamScanner

Scanned by CamScanner

ਹੈ -

ਫਊਲਨ, ਫਊਲਨ, ਫਿਊਲਨ, ਫਊਲ।

ਅੱਜ ਵੀ ਉਸ ਮਹਾਨ ਇਨਕਲਾਬੀ ਗੁਰੂ ਜੀ ਦੀ ਇਹ ਚਿੱਠੀ ਸਾਮਰਾਜੀ ਤਾਕਤਾਂ ਨੂੰ ਵੰਗਾਰ ਹੈ ਤੇ ਸੱਚ ਧਰਮ ਲਈ ਜੂਝਣ ਵਾਲਿਆਂ ਨੂੰ ਉਭਾਰਦੀ ਹੈ। ਇਸ ਦਾ ਇਹ ਪ੍ਰਚੰਡ-ਮਈ ਗੁਣ - ਚੜ੍ਹਦੀ ਕਲਾ ਸਦਾ ਅਮਰ ਰਹੇਗੀ ਤੇ ਅਗਰ-ਗਾਮੀ ਸ਼ਕਤੀਆਂ ਨੂੰ ਸਮਰੱਥਾ ਤੇ ਪ੍ਰੇਰਣਾ ਵੀ ਪ੍ਰਦਾਨ ਕਰਦਾ ਰਹੇਗਾ।

ਇਸ ਖ਼ਤ ਤੋਂ ਜਿੱਥੇ ਗੁਰੂ ਜੀ ਦੀ ਦਲੇਰੀ, ਉਤਸ਼ਾਹ ਤੇ ਦ੍ਰਿੜ ਇਰਾਦੇ ਦਾ ਪਤਾ ਲੱਗਦਾ ਹੈ, ਉਥੇ ਸਾਮਰਾਜ ਦੀਆਂ ਕਮਜ਼ੋਰੀਆਂ ਦਾ ਪਤਾ ਲੱਗਦਾ ਹੈ।

ਇਸ ਜ਼ਫ਼ਰਨਾਮੇ ਰਾਹੀਂ ਗੁਰੂ ਸਾਹਿਬ ਦੀ ਖ਼ੁਦਾ ਪ੍ਰਸਤੀ, ਅਡੋਲਤਾ, ਨਿਧੜਕਤਾ, ਦਲੇਰੀ ਤੇ ਸਚਾਈ ਦਾ ਔਰੰਗਜ਼ੇਬ ਦੇ ਮਨ ਤੇ ਤਕੜਾ ਪ੍ਰਭਾਵ ਪਿਆ। ਉਸ ਨੂੰ ਆਪਣੇ ਔਗੁਣਾਂ ਅਤੇ ਕਮਜ਼ੋਰੀਆਂ ਦਾ ਇਤਨਾ ਅਹਿਸਾਸ ਹੋਇਆ ਕਿ ਉਸ ਨੇ ਇਸੇ ਗ਼ਮ ਵਿੱਚ ਆਪਣੇ ਪ੍ਰਾਣ ਤਿਆਗ ਦਿੱਤੇ।

ਆਸ ਹੈ ਪਾਠਕ ਇਸ ਦਾ ਪਾਠ ਅਤੇ ਅਰਥ ਭਾਵ ਜ਼ਰੂਰ ਵਿਚਾਰਨਗੇ।

—ਜਗਤਾਰ ਸਿੰਘ ਸੋਖੀ।



Scanned by CamScanner

Scanned by CamScanner

੧ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ।

ਜ਼ਫ਼ਰਨਾਮਾ (ਜਿੱਤ ਦਾ ਪੱਤਰ)

کمالِ کرامات قائم کریم

رضا بخش و رازِق رہاکن رحیم

ਕਮਾਲਿ ਕਰਾਮਾਤ ਕਾਇਮ ਕਰੀਮ।
ਰਜ਼ਾ ਬਖ਼ਸ਼ੋ ਰਾਜ਼ਿਕ ਰਿਹਾਕੁਨ ਰਹੀਮ। ੧

कमालि करामात कायम करीम।
रज़ा बख़शो राज़िक रिहाकुन रहीम।

KAMAAL-E KARAAMAT KAA-YAM KAREEM
RAZA BAKSH RAZAK RAHAAKUN RAHIM

ਹੇ ਪ੍ਰਮਾਤਮਾ! ਤੂੰ ਅਲੌਕਿਕ ਸ਼ਕਤੀਆਂ ਦਾ ਸਿਖਰ, ਹਮੇਸ਼ਾਂ ਰਹਿਣ ਵਾਲ਼ਾ ਤੇ ਕ੍ਰਿਪਾਲੂ ਹੈਂ। ਤੂੰ ਖ਼ੁਸ਼ੀਆਂ ਬਖ਼ਸ਼ਣ ਵਾਲ਼ਾ, ਰਿਜ਼ਕਦਾਤਾ, ਮੁਕਤੀ ਦਾਤਾ ਅਤੇ ਰਹਿਮ ਕਰਨ ਵਾਲ਼ਾ ਹੈਂ।

ਕਮਾਲਿ ਕਰਾਮਾਤ .....ਅਲੌਕਿਕ ਸ਼ਕਤੀਆਂ ਦਾ ਸਿਖ਼ਰ।
ਕਾਇਮ ............ਹਮੇਸ਼ਾਂ ਰਹਿਣ ਵਾਲ਼ਾ।
ਕਰੀਮ ..............ਕ੍ਰਿਪਾਲੂ।
ਰਜ਼ਾ ਬਖ਼ਸ਼ ...... ਖ਼ੁਸ਼ੀਆਂ ਦੇਣ ਵਾਲ਼ਾ।
ਰਿਹਾਕੁਨ ....... ਮੁਕਤੀ ਦੇਣ ਵਾਲ਼ਾ।

The Lord is perfection personified. He is eternal and manifests Himself through His miracles. He is generous in granting His bounties. He is merciful and delivers us from this world.



Scanned by CamScanner
Scanned by CamScanner

# ਜ਼ਫ਼ਰਨਾਮਾ

امان بخش بخشندہ و دستگیر
خطا بخش روزی دہ و دلپذیر

ਅਮਾਂ ਬਖ਼ਸ਼ ਬਖ਼ਸ਼ਿੰਦਹ ਓ ਦਸਤਗੀਰ।
ਖ਼ਤਾ ਬਖ਼ਸ਼ ਰੋਜ਼ੀ ਦਿਹੋ ਦਿਲਪਜ਼ੀਰ। ੨

अमां बख़श बख़शिंदह ओ दसतगीर।
ख़ता बखश रोजी दिहो दिलपज़ीर।

AMAAN BAKSH BAKSHINDEH-O DASTGIR
KHATAA BAKSH ROZI DEH-O DILPAZIR

ਤੂੰ ਸ਼ਰਨ ਪਏ ਦੀ ਲਾਜ ਰੱਖਣ ਵਾਲਾ, ਬਖ਼ਸ਼ਣ ਵਾਲ਼ਾ ਅਤੇ ਔਖੇ ਵੇਲੇ ਬਾਂਹ ਫੜਨ ਵਾਲਾ ਹੈਂ। ਤੂੰ ਭੁੱਲਾਂ ਨੂੰ ਮਾਫ਼ ਕਰਨ ਵਾਲ਼ਾ, ਰੋਜ਼ੀ ਦਾਤਾ ਅਤੇ ਮਨ ਨੂੰ ਪਿਆਰਾ ਲੱਗਣ ਵਾਲ਼ਾ ਹੈਂ।

ਅਮਾਂ ਬਖ਼ਸ ........ ਸ਼ਰਨ ਦੇਣ ਵਾਲ਼ਾ।
ਦਸਤਗੀਰ .......... ਬਾਂਹ ਫੜਨ ਵਾਲ਼ਾ।
ਖ਼ਤਾ ਬਖ਼ਸ਼ ....... ਭੁੱਲਾਂ ਬਖ਼ਸ਼ਣ ਵਾਲ਼ਾ।
ਦਿਲ ਪਜ਼ੀਰ.... ਮਨਮੋਹਕ, ਦਿਲ ਨੂੰ ਪਿਆਰਾ ਲੱਗਣ ਵਾਲ਼ਾ।

He grants peace and security and is always merciful in forgiving us for our sins. He holds our hand and guides us. He is provider of our sustenance and charms everyone.



Scanned by CamScanner
Scanned by CamScanner

# ਜ਼ਫ਼ਰਨਾਮਾ

شہنشاہِ خوبی دہ و رہنموں
کہ بیگون و بیچوں چوں بے نموں

ਸ਼ਹਿਨਸ਼ਾਹਿ ਖ਼ੂਬੀ-ਦਿਹੋ ਰਹਨਮੂੰ।
ਕਿ ਬੇਗੂਨੋ ਬੇਚੂੰ ਚੂੰ ਬੇਨਮੂੰ। ੩

शाहिनशाहे ख़ूबी-दिहो रहनमूँ।
कि बेगूनो बेचूँ चूँ बेनमूँ।

SHAHANSHAH-E KHUBI DEHH-O RAH-NAMUN
KE BE-GOON-O BE-CHOON CHOON BE-NAMUN

ਤੂੰ ਨੇਕੀਆਂ ਦੇਣ ਵਾਲ਼ਾ, ਸ਼ਹਿਨਸ਼ਾਹ ਅਤੇ ਰਸਤ ਦਿਖਾਉਣ ਵਾਲ਼ਾ ਹੈਂ। ਤੂੰ ਰੰਗ ਰੂਪ ਤੋਂ ਰਹਿਤ ਅਤੇ ਬੇਮਿਸਾਲ ਹੈਂ।

ਖ਼ੂਬੀ-ਦਿਹ ....... ਨੇਕੀਆਂ ਦੇਣ ਵਾਲ਼ਾ।
ਰਹਨਮੂੰ ........ ਰਸਤਾ ਦਿਖਾਉਣ ਵਾਲ਼ਾ।
ਬੇਗੂੰ ........ ਰੰਗ ਰੂਪ ਤੋਂ ਰਹਿਤ (ਅਰੰਗ)।
ਬੇਚੂੰ ........ ਅਰੂਪ।
ਬੇਨਮੂੰ ...... ਬੇਮਿਸਾਲ, ਅਦੁੱਤੀ।

He is the King of Kings who is guiding u all the time. He showers his benevolence on a He is without colour, incomparable and formle



Scanned by CamScanner
Scanned by CamScanner

# ਜ਼ਫ਼ਰਨਾਮਾ

نہ سازو نہ بازو نہ فوج و نہ فرش
خداوند بخشندۂ عیش عرش

ਨਾ ਸਾਜੋ ਨਾ ਬਾਜ਼ੋ ਨਾ ਫ਼ੌਜੋ ਨਾ ਫ਼ਰਸ਼ ।
ਖ਼ੁਦਾਵੰਦ ਬਖ਼ਸ਼ਿੰਦਏ ਐਸ਼ ਅਰਸ਼ । ੪

न साजो न बाज़ो न फ़ौजो न फ़र्श
ख़ुदावंद बख़शिंद ए ऐश अरश ।

NA SAZ-O NA BAZ-O NA FAUJ-O NA FARSH
KHUDAVAND BAKSHINDEH-E AISH-O ARSH

ਜਿਸ ਪਾਸ ਕੋਈ ਸਾਜ਼ ਸਮਾਨ ਤੇ ਫ਼ੌਜ ਵਗੈਰਾ ਨਾ ਹੋਵੇ, ਤੂੰ ਉਸ ਨੂੰ ਵੀ ਸਵਰਗੀ ਅਨੰਦ ਬਖ਼ਸ਼ਣ ਵਾਲ਼ਾ ਹੈਂ।

ਸਾਜ਼ ....... ਸਮਾਨ, ਸਮੱਗਰੀ।
ਫ਼ਰਸ਼ ...... ਗ਼ਲੀਚੇ ਆਦਿ।
ਐਸ਼ ਅਰਸ਼ .... ਸਵਰਗੀ ਸੁੱਖ

*He possesses no material things nor has He an army. He is merciful and grants all the pleasures of heavens.*



Scanned by CamScanner
Scanned by CamScanner

# ਜ਼ਫ਼ਰਨਾਮਾ

جہاں پاک زبردست ظاہر ظہور
عظامی دہو ہمچو حاضر حضور

ਜਹਾਂ ਪਾਕ ਜ਼ਬਰ ਦਸਤ ਜ਼ਾਹਿਰ ਜ਼ਹੂਰ।
ਉਜ਼ਾਮੀ-ਦਿਹੋ ਹਮਚੂ ਹਾਜ਼ਿਰ ਹਜ਼ੂਰ। ੫

जहां पाक ज़बर दसत ज़ाहिर ज़हूर।
ओज़ामी-दिहो हमचू हाज़िर हज़ूर।

JAHAN PAAK ZABAR DAAST ZAHIR ZAHOOR
O ZAÄMI-DEHO HAM CHU HAAZAR HUZUR

ਸੰਸਾਰ ਤੋਂ ਨਿਰਲੇਪ, ਸਾਖਿਅਤ ਰੂਪ ਅਤੇ ਸਮਰੱਥਾ ਵਾਲ਼ਾ ਹੈ। ਉਹ ਵਡਿਆਈਆਂ ਬਖਸ਼ਣ ਵਾਲ਼ਾ ਤੇ ਹਰ ਥਾਂ ਮੌਜੂਦ ਹੈ।
ਜ਼ਬਰ..... ਜ਼ੋਰਾਵਰ, ਸਮਰੱਥਾਵਾਨ।
ਉਜ਼ਾਮੀ ..... ਬਜ਼ੁਰਗੀ, ਵਡਿਆਈ।
ਹਮਚੂ ..... ਵਾਂਗ, ਮਾਨਿੰਦ, ਉਸੇ ਤਰ੍ਹਾਂ।

The Pure one is above everything in this universe. His glory is all pervasive. He bestows us with gifts. He is present everywhere.



Scanned by CamScanner
Scanned by CamScanner

عطا بخش او پاک پروردگار
رحیم است و روزی دہ ہر دیار

ਅਤਾ ਬਖ਼ਸ਼ ਓ ਪਾਕ ਪਰਵਰਦਗਾਰ।
ਰਹੀਮ ਅਸੋਤ ਰੋਜ਼ੀ ਦਿਹੋ ਹਰ ਦਿਯਾਰ। ੬

अता बख़श ओ पाक परवरदगार।
रहीम असतो रोज़ी दिहो हर दियार।

ATAA BAKSH O PAAK PARVARDIGAR
RAHIM AST ROZI DEHAD HAR DIYAAR

ਉਹ ਪਰਮੇਸ਼ਰ ਬਖ਼ਸ਼ਸ਼ਾਂ ਕਰਨ ਵਾਲ਼ਾ, ਪਾਵਨ ਪਵਿੱਤਰ ਤੇ ਪਾਲਣਹਾਰ ਹੈ। ਦਿਆਲੂ, ਥਾਂ - ਥਾਂ ਤੇ ਰੋਜ਼ੀ ਪਹੁੰਚਾਉਣ ਵਾਲਾ ਹੈ।

ਅਤਾ ਬਖ਼ਸ਼ ....... ਬਖ਼ਸ਼ਸਾਂ ਕਰਨ ਵਾਲਾ।
ਪਰਵਰਦਗਾਰ ..... ਪਾਲਣਹਾਰ।
ਰਹੀਮ .......... ਦਿਆਲੂ।
ਦਿਯਾਰ .......... ਥਾਂ - ਥਾਂ।

*The merciful Lord grants us all the gifts and meets the needs of every one through-out the world.*



Scanned by CamScanner
Scanned by CamScanner

# ਜ਼ਫ਼ਰਨਾਮਾ

کہ صاحب دیار است اعظم عظیم
کہ حسن الجمال است رازق رحیم

ਕਿ ਸਾਹਿਬ ਦਿਯਾਰ ਅਸਤ ਆਜ਼ਮ ਅਜ਼ੀਮ।
ਕਿ ਹੁਸਨੁਲਜਮਾਲ ਅਸਤ ਰਾਜ਼ਿਕ ਰਹੀਮ। ੧

कि साहिब दियार असत आज़म अज़ीम।
कि हुसनुलजमाल असत राज़िक रहीम।

KI SAHIB DI-YAAR AST AAZAM AZIM
KI HUSAN AL-JAMAL AST RAAZAK RAHIM

ਉਹ ਪ੍ਰਮਾਤਮਾ ਦੇਸਾਂ ਦੇਸਾਂ ਦਾ ਵਾਲੀ ਅਤੇ ਵੱਡਿਆਂ ਤੋਂ ਵੀ ਵੱਡਾ ਹੈ। ਉਹ ਸਭ ਤੋਂ ਵੱਧ ਸੁੰਦਰ, ਰਿਜ਼ਕ ਦਾਤਾ ਅਤੇ ਰਹਿਮਤਾਂ ਕਰਨ ਵਾਲ਼ਾ ਹੈ।

ਸਾਹਿਬ ਦਿਯਾਰ ..... ਮੁਲਕਾਂ ਦਾ ਵਾਲੀ।
ਆਜ਼ਮ ਅਜ਼ੀਮ ..... ਵੱਡਿਆਂ ਤੋਂ ਵੱਡਾ।
ਹੁਸਨੁਲਜਮਾਲ ...... ਅਤਿ ਸੁੰਦਰ।

He is Lord of the universe. He is merciful and provides sustenance to all. His charm and grandeur cannot be matched by anyone.



Scanned by CamScanner
Scanned by CamScanner

# ਜ਼ਫ਼ਰਨਾਮਾ

کہ صاحب شعور است عاجز نواز
غریب الپرست و غنیم الگُداز

ਕਿ ਸਾਹਿਬ ਸ਼ਊਰ ਅਸਤ ਆਜਿਜ਼ ਨਵਾਜ਼ ।
ਗ਼ਰੀਬ ਅਲ-ਪਰਸਤੋ ਗ਼ਨੀਮ ਅਲ-ਗੁਦਾਜ਼ । ੮

कि साहिब शयुर असत आजिज़ नवाज़।
ग़रीब अल-प्रसतो ग़नीम अल गुदाज़।

KI SAHIB SHA-OOR AST AAJIZ NAWAAZ
GARIB AL-PRAST-O GANIM AL-GADAAZ

ਪਰਮਾਤਮਾ ਪਰਮ ਸੋਝਵਾਨ ਹੈ ਅਤੇ ਉਹ ਨਿਮਾਣਿਆਂ ਨੂੰ ਨਿਵਾਜਣ ਵਾਲ਼ਾ ਹੈ। ਉਹ ਅਨਾਥਾਂ ਦਾ ਪਾਲਕ ਅਤੇ ਦੁਸ਼ਮਣਾਂ ਨੂੰ ਖੈਂ (ਖਤਮ) ਕਰਨ ਵਾਲ਼ਾ ਹੈ।

ਸਾਹਿਬ-ਸ਼ਊਰ ...... ਸੋਝੀਵਾਨ, ਪ੍ਰਬੀਨ।
ਆਜਿਜ਼-ਨਵਾਜ਼ ........ ਨਿਮਾਣਿਆਂ ਨੂੰ ਨਿਵਾਜਣ ਵਾਲ਼ਾ।
ਗ਼ਰੀਬ ਅਲ-ਪ੍ਰਸਤ .... ਗ਼ਰੀਬਾਂ ਅਨਾਥਾਂ ਦੀ ਪਾਲਣ ਕਰਨ ਵਾਲ਼ਾ।
ਗ਼ਨੀਮ ਅਲ-ਗੁਦਾਜ਼ ....... ਦੁਸ਼ਮਣਾਂ ਨੂੰ ਮਾਰਨ ਵਾਲ਼ਾ।

*The Lord is intelligence personified. He protects the poor and helpless and destroys the wicked.*



Scanned by CamScanner
Scanned by CamScanner

# ਜ਼ਫ਼ਰਨਾਮਾ

شریعت پرست و فضیلت مآب
حقیقت شناس و نبی الکتاب

ਸ਼ਰੀਅਤ ਪ੍ਰਸਤੋ ਫ਼ਜ਼ੀਲਤ ਮਆਬ।
ਹਕੀਕਤ ਸ਼ਨਾਸੋ ਨਬੀ ਅਲ-ਕਿਤਾਬ। ੯

शरीअत प्रसतो फ़ज़ीलत मुआब
हकीकत शनासो नबी अल-किताब।

SHARI-AT PRASTO FAZILAT M-AAB
HAKIKAT SHANAS-O NABI AL-KITAB

ਉਹ ਧਰਮ-ਪਾਲਕ ਤੇ ਵਡਿਆਈ ਦਾ ਕੇਂਦਰ ਹੈ। ਉਹ ਤੱਤ ਨੂੰ ਜਾਣਨ ਵਾਲ਼ਾ ਤੇ ਧਰਮ-ਗ੍ਰੰਥਾਂ ਦਾ ਪ੍ਰਕਾਸ਼ਿਤ ਸੋਮਾ ਹੈ।
ਸ਼ਰੀਅਤ ਪ੍ਰਸਤ ..... ਧਰਮ ਪਾਲਕ।
ਫ਼ਜ਼ੀਲਤ ਮਆਬ ...... ਵਡਿਆਈ ਦਾ ਅਸਥਾਨ।
ਹਕੀਕਤ ਸ਼ਨਾਸ ..... ਅਸਲੀਅਤ ਨੂੰ ਪਛਾਣਨ ਵਾਲ਼ਾ।
ਨਬੀ ਅਲ-ਕਿਤਾਬ .... ਇਲਹਾਮੀ ਕਿਤਾਬਾਂ ਦਾ ਪ੍ਰਕਾਸ਼ ਕਰਨ ਵਾਲ਼ਾ।

The virtuous One gives justice to all. Nothing is hidden from Him. He is the inspiration of Koran.



Scanned by CamScanner
Scanned by CamScanner

کہ دانش پژوہ ہست صاحب شعور
حقیقت شناش است ظاہر ظہور

ਕਿ ਦਾਨਿਸ਼ ਪਿਜ਼ੂਹਸਤ ਸਾਹਿਬ ਸ਼ਊਰ।
ਹਕੀਕਤ ਸ਼ਨਾਸ ਅਸਤ ਜ਼ਾਹਿਰ ਜ਼ਰੂਰ। ੧੦

कि दानिश पियुहसत साहिब शयूर ।
हकीकत शनास असत ज़ाहिर ज़रूर ।

KI DAANISH PUYOH AST SAHIB SHA-OOR
HAKIKAT SHANAAS AST ZAHIR ZAHOOR

ਉਹ ਨਿਪੁੰਨਤਾ ਦਾ ਪੁੰਜ ਪ੍ਰਭੂ ਗਿਆਨ ਦਾ ਚਾਹੁਣ ਵਾਲਾ ਹੈ। ਉਹ ਤਤਵੇਤਾ ਅਤੇ ਹਰ ਥਾਂ ਪ੍ਰਤੱਖ ਹੈ।

ਦਾਨਿਸ਼ ਪਿਜ਼ੂਹ ....... ਗਿਆਨ ਦਾ ਖੋਜੀ।
ਸਾਹਿਬ ਸ਼ਊਰ ....... ਚਤੁਰ, ਨਿਪੁੰਨ।

The all-Knowing Lord seeks the learned. He is aware of all happenings. He is present everywhere.



Scanned by CamScanner
Scanned by CamScanner

شناسندهٔ علم عالم خدائے
کشائندهٔ کارِ عالم کشائے

ਸ਼ਨਾਸਿੰਦ-ਏ ਇਲਿਮਿ ਆਲਮ ਖ਼ੁਦਾਇ।
ਕੁਸ਼ਾਇੰਦਹ-ਏ ਕਾਰੇ ਆਲਮ ਕੁਸ਼ਾਇ। ੧੧

शनासिंद-ए इलिमि आलम ख़ुदाए।
कुशाइन्दह-ए कारे आलम कुशाए।

SHANASINDEH-EH ILM-E AALAM KHUDA-E
KUSHAA-INDEH-E KAR-E AALAM KUSHA-E

ਉਹ ਪਰਮਾਤਮਾ ਸੰਸਾਰ ਦੇ ਸਭ ਇਲਮਾਂ ਦਾ ਗਿਆਤਾ ਹੈ। ਉਹ ਮੁਸ਼ਕਲਾਂ ਹੱਲ ਕਰਨ ਵਾਲ਼ਾ ਅਰਥਾਤ ਸੰਸਾਰਕ ਔਕੜਾ ਨੂੰ ਦੂਰ ਕਰਨ ਵਾਲ਼ਾ ਹੈ।

ਸ਼ਨਾਸਿੰਦਾ ..... ਪਛਾਣਨ ਵਾਲ਼ਾ।
ਇਲਿਮਿ ਆਲਮ.... ਸੰਸਾਰ ਦਾ ਗਿਆਨ।
ਕੁਸ਼ਾਇੰਦ .... ਗੁੰਝਲਾਂ ਖੋਲ੍ਹਣ ਵਾਲ਼ਾ।

He has the Knowledge of everything in this universe. All cosmos is moving as per His command.



Scanned by CamScanner
Scanned by CamScanner

## ਜ਼ਫ਼ਰਨਾਮਾ

گُزا رندہ کارِ عالم کبیر
شناسندہ علم عالم امیر

ਗੁਜ਼ਾਰਿੰਦਹ ਏ ਕਾਰਿ ਆਲਮ ਕਬੀਰ।
ਸ਼ਨਾਸਿੰਦਹ ਏ ਇਲਿਮ ਆਲਮ ਅਮੀਰ। ੧੨

गुज़ारिंदह ए कारि आलम कबीर।
शनासिंदह ए इलिम आलम अमीर।

GUZAARIND-EH-E KAR-E AALAM KABIR
SHANAAS-IND-EH ILM AALAM AMIR

ਉਹ ਮਹਾਨ ਹਸਤੀ ਇਸ ਵੱਡੇ ਸੰਸਾਰ ਦੇ ਸਾਰੇ ਕੰਮ ਨੂੰ ਚਲਾਉਣ ਵਾਲੀ ਹੈ ਅਤੇ ਉਸ ਸ਼ਿਰੋਮਣੀ ਪ੍ਰਭੂ ਨੂੰ ਸਾਰੇ ਸੰਸਾਰ ਦਾ ਗਿਆਨ ਹੈ।

ਗੁਜ਼ਾਰਿੰਦਹ ..... ਚਲਾਉਣ ਵਾਲਾ।
ਕਾਰਿ ਆਲਮ .... ਸੰਸਾਰ ਦਾ ਕੰਮ।
ਕਬੀਰ .... ਵੱਡਾ।
ਅਮੀਰ .... ਮੁਖੀ, ਸ਼ਿਰੋਮਣੀ।

The great Lord is regulating every-thing in the world about which He has complete Knowledge.



Scanned by CamScanner
Scanned by CamScanner

ਜ਼ਫ਼ਰਨਾਮਾ

ਦਾਸਤਾਨ داستان

مرا عتبارے بریں قسم نیست
کہ ایزد گواہ است یزداں یکیست

ਮਰਾ ਇਅਤਬਾਰੇ ਬਰ ਈਂ ਕਸਮ ਨੇਸਤ।
ਕਿ ਏਜ਼ਦ ਗਵਾਹ ਅਸਤ ਯਜ਼ਦਾਂ ਯਕੇਸਤ। ੧੩

मरा एतबार-ए बर ईं कसम नेसत।
कि एेज़द गवाह असत यज़दां यकेसत।

MARAA AITBAAR-E BAR EEN KASM-E NEST
KE EIZAD GAVAH AST YAZDAN YAKEST

ਪ੍ਰਭੂ ਦੀ ਉਸਤਤੀ ਪਿੱਛੋਂ ਗੁਰੂ ਸਾਹਿਬ ਚਿੱਠੀ ਦੇ ਅਸਲ ਮਜ਼ਮੂਨ ਵੱਲ ਆਉਂਦੇ ਹਨ ਤੇ ਉਸ ਸਾਰੀ ਵਿਥਿਆ ਦਾ ਬਿਆਨ ਕਰਦੇ ਹਨ।

ਦੇਖ ਇੱਕੋ ਇੱਕ ਵਾਹਿਗੁਰੂ ਸਾਖੀ ਹੈ, ਮੈਨੂੰ ਤੇਰੀ ਇਸ ਕਸਮ ਉੱਤੇ ਕੋਈ ਭਰੋਸਾ ਨਹੀਂ।

ਦਾਸਤਾਨ ... ਕਹਾਣੀ, ਵਿਥਿਆ।
ਬਰੀਂ ..... ਇਸ ਉੱਤੇ।
ਏਜ਼ਦ .... ਪਰਮੇਸ਼ਰ।
ਯਜ਼ਦਾਂ .... ਰੱਬ।

Aurangzeb! I have no trust in your oaths anymore. (You have written that) God is one and that He is witness (between us).



Scanned by CamScanner
Scanned by CamScanner

ਜ਼ਫ਼ਰਨਾਮਾ

نہ قطرہ مرا اعتبارے بر وست
کہ بخشی و دیواں ہمہ کذب گوست

ਨ ਕਤਰਹ ਮਰਾ ਇਅਤਬਾਰਿ ਬਰੋਸਤ।
ਕਿ ਬਖ਼ਸ਼ੀ ਵ ਦੀਵਾਂ ਹਮਾ ਕਿਜ਼ਬ-ਗੋਸਤ। ੧੪

न कतरह मरा ऐतबारि बरोसत।
कि बख़शी व दीवां हमा किज़ब-गोसत।

NA KATREH MARAA AITBAAR-E BAR-OST
KI BAKSHI V DEWAN HAMEH KIZB GOST

ਮੈਨੂੰ ਉਸ ਉੱਤੇ ਰਤਾ ਭਰ ਵੀ ਭਰੋਸਾ ਨਹੀਂ, ਜਿਸਦੇ ਬਖ਼ਸ਼ੀ ਤੇ ਦੀਵਾਨ (ਅਰਥਾਤ ਸੈਨਿਕ ਤੇ ਅਸੈਨਿਕ ਅਧਿਕਾਰੀ) ਸਾਰੇ ਹੀ ਝੂਠ ਬੋਲਣ ਵਾਲ਼ੇ ਹੋਣ।

ਕਤਰ .... ਰਤਾ ਜਿੰਨਾ।
ਬਖ਼ਸ਼ੀ .... ਮੁਖੀ, ਫ਼ੌਜੀ ਅਫ਼ਸਰ, ਸੈਨਾਪਤੀ।
ਦੀਵਾਨ ... ਵਜ਼ੀਰ।
ਕਿਜ਼ਬ --- ਝੂਠ।

I don't have trust even equivalent to a drop (of water) in your generals (Who came to me with oaths on Koran that I will be given safe passage out of Anandgarh Fort). They were all telling lies.



Scanned by CamScanner

Scanned by CamScanner

## ਜ਼ਫ਼ਰਨਾਮਾ

کسے قولِ قرآں کند اعتبار
ہماں روزِ آخر شود مرد خوار

ਕਸੇ ਕੌਲਿ ਕੁਰਾਂ ਕੁਨਦ ਇਅਤਬਾਰ।
ਹਮਾਂ ਰੋਜ਼ੇ ਆਖ਼ਰ ਸ਼ਵਦ ਮਰਦ ਖ਼ਵਾਰ। ੧੫

कसे कौलि कुरां कुनद ऐतबार।
हमां रोज़े आखिर शवद मर्द ख़वार।

KASE KAUL-E KURAN KUNAD AITBAAR
HAMAN ROZ-E AKHIR SHAWAD MARD KHAWAR

ਜੋ ਆਦਮੀ (ਤੇਰੀ) ਕੁਰਾਨ ਦੀ ਸਹੁੰ ਉੱਤੇ ਵਿਸ਼ਵਾਸ ਕਰ ਲਵੇ, ਉਹ ਅੰਤ ਨੂੰ ਖੁਆਰ ਹੁੰਦਾ ਹੈ।

ਕੌਲ ..... ਬਚਨ।
ਰੋਜ਼ੇ ਆਖ਼ਰ .... ਕਿਆਮਤ ਵਾਲ਼ਾ ਦਿਨ।
ਖ਼ਵਾਰ ....... ਖੱਜਲ ਖੁਆਰ, ਦੁਖੀ।
ਸ਼ਵਦ ...... ਹੁੰਦਾ ਹੈ।

If anyone trusts (You) on your oath on Koran, that person is bound to be doomed in the end.



Scanned by CamScanner
Scanned by CamScanner

# ਜ਼ਫ਼ਰਨਾਮਾ

هما را کسے سایہ آید بزیر
برو دست دارد نہ زاغ دلیر

ਹੁਮਾ ਰਾ ਕਸੇ ਸਾਯਾ ਆਯਦ ਬ-ਜ਼ੇਰ।
ਬਰੋ ਦਸਤ ਦਾਰਦ ਨ ਜ਼ਾਗ਼ੇ ਦਲੇਰ। ੧੯

हुमां रा कसे साया आयद ब-ज़ेर।
बरो दसत दारद न ज़ाग़े दलेर।

HUMA RA KASE SAA-EA AAYAD B-ZER
BAR-O DAST DARD NA ZAAG-O DALER

ਜੋ ਕੋਈ ਹੁਮਾਂ ਦੇ ਪ੍ਰਛਾਵੇਂ ਥੱਲੇ ਆ ਗਿਆ, ਉਸ ਨੂੰ ਕਾਂ ਹੱਥ ਨਹੀਂ ਪਾ ਸਕਦਾ। ਭਾਵ ਇਹ ਹੈ ਕਿ ਮੇਰੇ ਸਿਰ ਉੱਤੇ ਪਰਮੇਸ਼ਰ ਦਾ ਸਾਇਆ ਹੈ,ਇਸ ਲਈ ਚਲਾਕ ਕਾਂ ਮੇਰਾ ਕੁਝ ਨਹੀਂ ਵਿਗਾੜ ਸਕਦੇ।

ਹੁਮਾਂ ........ ਇੱਕ ਪ੍ਰਕਾਰ ਦਾ ਪੰਛੀ ਜਿਸ ਬਾਰੇ ਇਹ ਪ੍ਰਸਿੱਧ ਹੈ ਕਿ ਉਹ ਜਿਸ ਦੇ ਸਿਰ ਤੋਂ ਲੰਘ ਜਾਵੇ, ਉਹ ਬਾਦਸ਼ਾਹ ਬਣ ਜਾਂਦਾ ਹੈ।

ਜ਼ਾਗ਼ ..... ਕਾਂ

ਦਸਤ .... ਹੱਥ, ਕਾਬੂ।

If anyone comes under the shadow of Huma bird, no one can lay its hands on it – not even a brave crow.



Scanned by CamScanner

Scanned by CamScanner

## ਜ਼ਫ਼ਰਨਾਮਾ

کسے پُشت اُفتد پسِ شیر نر
نگیرد بزو میش و آہو گزر

ਕਸੇ ਪੁਸ਼ਤ ਉਫ਼ਤਦ ਪਸੇ ਸ਼ੇਰ ਨਰ।
ਨਗੀਰਦ ਬੁਜ਼ੋ ਮੇਸ਼ੋ ਆਹੂ ਗੁਜ਼ਰ। ੧੭

कसे पुशत उफ़तद पसे शेर नर।
नगीरद बुज़ो मेशो आहू गुज़र।

KAS-E PUSHT UF TAD PAS-E SHER NAR'
NA GIRAD BUZ-O MEISH-O AHOO GUZAR

ਜੇ ਕੋਈ ਨਰ ਸ਼ੇਰ ਦੀ ਸ਼ਰਨ ਲੈ ਲੈਂਦਾ ਹੈ, ਬੱਕਰੀ, ਭੇਡ ਅਤੇ ਹਿਰਨ ਆਦਿ ਉਸ ਦੇ ਲਾਗੇ ਦੀ ਵੀ ਨਹੀਂ ਲੰਘ ਸਕਦੇ।

ਪੁਸ਼ਤ ਉਫ਼ਤਾਦਨ ...... ਸ਼ਰਨ ਲੈਣਾ।
ਬੁਜ਼ ............ ਬੱਕਰੀ।
ਮਸ਼ ............ ਭੇਡ।
ਆਹੂ ............ ਹਿਰਨ।

If a man sits behind the back of a lion, neither anyone can catch him nor a goat or a sheep or a deer can even pass nearby.



Scanned by CamScanner

Scanned by CamScanner

به مُصحف قسم خُفیہ گر خوردمے
نہ یک گام ہم پیش اناں بردمے

ਬ ਮੁਸਹਫ਼ ਕਸਮ ਖ਼ੁਫ਼ਯ ਗਰ ਖ਼ੁਰਦਮੇ।
ਨ ਯਕ ਗਾਮ ਹਮ ਪੇਸ਼ ਅਜ਼ਾਂ ਬੁਰਦਮੇ। ੧੮

ब मुसहफ कसम ख़ुफया गर खुरदमे।
न यक गाम हम पेश अज़ां बुरदमे।

BA MUS-HAF KASAM KHUFYA GAR KHURDME
NA YAK GAAM HUM PESH AZAN BURDME

ਜੇਕਰ ਮੈਂ ਕੁਰਾਨ ਦੀ ਕਸਮ ਗੁਪਤ ਰੂਪ ਵਿੱਚ ਵੀ ਖਾਧੀ ਹੁੰਦੀ ਤਾਂ ਆਪਣੀ ਥਾਂ ਤੋਂ ਇੱਕ ਕਦਮ ਵੀ ਅੱਗੇ ਨਾ ਵਧਦਾ। ਭਾਵ ਇਹ ਹੈ ਕਿ ਤੂੰ ਕਸਮ ਖਾ ਕੇ ਵੀ ਉਸ ਉੱਤੇ ਕਾਇਮ ਨਹੀਂ ਰਿਹਾ।
ਮੁਸਹਫ਼ ...... ਕੁਰਾਨ ਸ਼ਰੀਫ਼।
ਖ਼ੁਫ਼ਯ ..... ਗੁਪਤ।

If I had decived by taking oath on Koran like the way you have done, I would not have brought fighters to this Position of disadvantage.



Scanned by CamScanner
Scanned by CamScanner

## ਜ਼ਫ਼ਰਨਾਮਾ

گُرسنہ چہ کارے کُند چہل نر
کہ دہ لک برآید برو بے خبر

ਗੁਰਸਨਾ ਚਿ ਕਾਰੇ ਕੁਨਦ ਚਿਹਲ ਨਰ।
ਕਿ ਦਹ ਲਕ ਬਰਆਯਦ ਬਰੋ ਬੇਖ਼ਬਰ। ੧੯

गुरस्ना चि कारे कुनद चिहल नर।
कि दह लक बर आयद बरो बेख़बर।

GURESNEH CHI KAR-E KUND CHEHAL NAR
KI DEH LAK BAR AAYAD BAR-O BE-KHABAR

ਭੁੱਖੇ ਭਾਵੇਂ ਚਾਲ਼ੀ ਆਦਮੀ ਕੀ ਕਰ ਸਕਦੇ ਹਨ ਜੇ ਉਨ੍ਹਾਂ ਉੱਤੇ ਅਚਨਚੇਤ ਅਣਗਿਣਤ ਫ਼ੌਜ ਟੁੱਟ ਪਵੇ।

ਗੁਰਸਨ .... ਭੁੱਖਾ।
ਚਿਹਲ ਨਰ .... ਚਾਲ਼ੀ ਆਦਮੀ।
ਦਹ ਲਕ .... ਦਸ ਲੱਖ ਭਾਵ ਅਣਗਿਣਤ।
ਬਰ ਆਯਦ .... ਨਿਕਲ ਪੈਣ ਭਾਵ ਹਮਲਾ ਕਰਨ।

What can forty hungry men do, when suddenly ten-lac strong army pounces upon them?

ਗੁਰੂ ਜੀ ਨੇ 22 ਦਸੰਬਰ 1704 ਈ: ਦੀ ਚਮਕੌਰ ਸਾਹਿਬ ਦੀ ਜੰਗ ਦਾ ਹਾਲ ਅਤੇ ਮੁਗ਼ਲ ਫ਼ੌਜਾਂ ਵਿਰੁੱਧ ਤਲਵਾਰ ਚੁੱਕਣ ਦਾ ਕਾਰਨ ਸ਼ੇਅਰ ਨੰ: 19 ਤੋਂ 41 ਤੱਕ ਵਿੱਚ ਬਿਆਨ ਕੀਤਾ ਹੈ।



Scanned by CamScanner
Scanned by CamScanner

# ਜ਼ਫ਼ਰਨਾਮਾ

کہ پیماں شکن بید رنگ آمدند
میاں تیغ و تیرو تفنگ آمدند

ਕਿ ਪੇਮਾਂ ਸ਼ਿਕਨ ਬੇਦਰੰਗ ਆਮਦੰਦ।
ਮਯਾਂ ਤੇਗ਼ੋ ਤੀਰੋ ਤੁਫ਼ੰਗ ਆਮਦੰਦ। ੨੦

कि पेमां शिकन बेदरंग आमदंद।
मयां तेग़ो तीरो तुफंग आमदंद।

KE PEIMAN SHIKAN BE-DRANG AAMDAND
MI-AAN TEG-O TEER-O TUFANG AAMDAND

ਤੇਰਾ ਇਹ ਬਚਨ ਭੰਗ ਕਰਨ ਵਾਲ਼ਾ ਲਸ਼ਕਰ ਤੇਗ, ਤੀਰ ਤੇ ਬੰਦੂਕਾਂ ਲੈ ਕੇ ਝਟਪਟ ਬੇਤਹਾਸ਼ਾ ਆ ਪਿਆ।

ਪੇਮਾਂ ਸ਼ਿਕਨ ..... ਬਚਨ ਭੰਗ ਕਰਨ ਵਾਲ਼ਾ।
ਬੇਦਰੰਗ ...... ਝਟਪਟ, ਬਿਨਾਂ ਦੇਰੀ ਤੋਂ।
ਤੁਫ਼ੰਗ ....... ਬੰਦੂਕ।

That the promise breakers launched a surprise attack with their swords and arrows and guns.



Scanned by CamScanner
Scanned by CamScanner

## ਜ਼ਫ਼ਰਨਾਮਾ

بہ لاچارگی درمیاں آمدم
بہ تدبیرِ تیر و کماں آمدم

ਬ-ਲਾਚਾਰਗੀ ਦਰਮਿਯਾਂ ਆਮਦਮ ।
ਬ- ਤਦਬੀਰ ਤੀਰੋ ਕਮਾਂ ਆਮਦਮ । ੨੧

ब - लाचारगी दरमयाँ आमदम।
ब - तदबीर तीरो कमाँ आमदम।

BA-LACHAARGI DARMIAN AAMDAM
BA-TADBIR TEER-O KAMAAN AAMDAM

ਇਸ ਲਈ ਮੈਨੂੰ ਮਜਬੂਰਨ ਜੰਗ ਦੇ ਮੈਦਾਨ ਵਿੱਚ ਆਉਣਾ ਪਿਆ ਅਤੇ ਤੀਰ ਕਮਾਨ ਆਦਿ ਸ਼ਸਤਰ ਅਸਤਰ ਚੁੱਕਣੇ ਪਏ।
ਬ-ਲਚਾਰਗੀ .... ਮਜਬੂਰਨ।
ਦਰਮਿਯਾਂ ...... ਵਿਚਕਾਰ।

It was out of sheer helplessness that I came in the battle field. (Having thus decided) I came with all the battle plans and munitions.



Scanned by CamScanner
Scanned by CamScanner

# ਜ਼ਫ਼ਰਨਾਮਾ

چو کار از ہمہ حیلتے در گزشت
حلال است بُردن بشمشیر دست

ਚੂ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ। ੨੨

चू कार अज़ हमा हीलते दर गुज़शत।
हलाल असत बुरदन ब शमशीर दसत।

CHU KAR AZ HAMEH HEELAT-E DAR GUZASHT
HALAL AST BURDAN B-SHAMSHIR DAST

ਜਦੋਂ ਕੋਈ ਕੰਮ ਸਾਰੇ ਹੀਲੇ ਉਪਾਵਾਂ ਤੋਂ ਲੰਘ ਜਾਵੇ ਤਾਂ ਹੱਥ ਵਿੱਚ ਤਲਵਾਰ ਲੈਣਾ ਜਾਇਜ਼ ਹੈ।

ਹੀਲਤ ---- ਹੀਲਾ, ਉਪਰਾਲਾ।
ਦਰਗੁਜ਼ਸ਼ਤਨ ..... ਲੰਘ ਜਾਣਾ।
ਹਲਾਲ ...... ਜਾਇਜ਼, ਮੁਨਾਸਿਬ।

When all the stratagem employed for (solving) a problem are exhausted, (only) then taking your hand to the sword is legitimate.

This is the most quoted verse of Zafarnama.



Scanned by CamScanner

Scanned by CamScanner

ਜ਼ਫ਼ਰਨਾਮਾ

چہ قسم قراں من کنم اعتبار
وگرنہ توگوئی من ایں رہ چکار

ਚਿ ਕਸਮਿ ਕੁਰਾਂ ਮਨ ਕੁਨਮ ਇਅਤਿਬਾਰ।
ਵਗਰਨਃ ਤੂ ਗੋਈ ਮਨ ਈਂ ਰਹ ਚਿਕਾਰ। ੨੩

चि कसम कुरां मन कुनम एअतबार।
वगरनः तू गोई मन ईं रह चिकार।

CHE KASM-E KURAN MAN KUNAM AITBAAR
VAGARNA TU GOI MAN EEN RAH CHI-KAR

ਹੁਣ ਮੈਂ ਤੇਰੀ ਕੁਰਾਨ ਦੀ ਕਸਮ ਦਾ ਕੀ ਇਤਬਾਰ ਕਰਾਂ। ਵਰਨਾ ਤੂੰ ਹੀਓ ਦਸ ਮੇਰਾ ਇਸ (ਲੜਾਈ-ਭਿੜਾਈ ਦੇ) ਰਾਹ ਨਾਲ਼ ਕੀ ਵਾਸਤਾ।

ਵਗਰਨ ...... ਨਹੀਂ ਤਾਂ।
ਗੋਈ ...... ਕਹੁ, ਦੱਸ।
ਈਂ ਰਹ ...... ਇਸ ਰਾਹ।

What trust can I have on your Oath on Koran? Otherwise you tell why should I have taken this path (for taking up the sword).



Scanned by CamScanner
Scanned by CamScanner

نہ دانم کہ ایں مردِ روباہ پیچ
وگر ہرگز ایں رہ نیارد بہیچ

ਨ ਦਾਨਮ ਕਿ ਈਂ ਮਰਦਿ ਰੋਬਾਹ ਪੇਚ।
ਵਗਰ ਹਰਗਿਜ਼ ਈਂ ਰਹ ਨਯਾਰਦ ਬਹੇਚ। ੨੪

न दानम़ कि ईं मर्द रोबाह पेच।
वगार हरगिज़ ईं रह नयारद बहेच।

NA DAANAM KI EEN MARD ROBAH-E PEECH
VAGAR HARGIZ EEN RAH NIYARD B-HEECH

ਮੈਨੂੰ ਨਹੀਂ ਪਤਾ ਸੀ ਕਿ ਇਹ ਤੇਰੇ ਆਦਮੀ ਲੂੰਬੜ-ਚਾਲਾਂ ਚੱਲਣ ਵਾਲੇ ਮਕਾਰ ਲੋਕ ਹਨ ਨਹੀਂ ਤਾਂ ਕੋਈ ਤਾਂ ਹੋਰ ਗੱਲ ਮੈਨੂੰ ਏਸ ਪਾਸੇ ਨਹੀ ਲਿਆ ਸਕਦੀ।

ਮਰਦਿ ਰੋਬਾਹ ਪੇਚ ... ਲੂੰਬੜੀ ਵਰਗੇ ਦਾਉ-ਪੇਚ ਖੇਡਣ ਵਾਲਾ, ਛਲੀਆ, ਫ਼ਰੇਬੀ।

ਵਗਰ ........ ਨਹੀਂ ਤਾਂ।

ਹਰਗਿਜ਼ ..... ਕਦੀ ਵੀ।

I do not Know that this Person (Aurangzeb) is cunning like a fox. Otherwise I would never have come to this place. i.e. Chamkaur. (by vacating Anandgarh on the false oaths of Aurangzeb and his men).



Scanned by CamScanner

Scanned by CamScanner

ہر آنکس کہ قولِ قراں آیدش
نزو بستن و کشتنی بایدش

ਹਰ ਆਂ ਕਸ ਕਿ ਕਉਲੇ ਕੁਰਾਂ ਆਜਦਸ਼ ।
ਨਜ਼ੋ ਬਸਤਨੋ ਕੁਸ਼ਤਨੀ ਬਾਜਦਸ਼ । ੨੫

हर आं कस कि कओले कुरां आयदश ।
नज़ो बस तनो कुश्तनी बायदश

HAR AAN KAS KI KAUL-E KORAN AAYAD-ASH

NA ZO BASTN-O KUSHTANI BAAYAD-ASH

ਜਿਹੜਾ ਆਦਮੀ ਤੇਰੀ ਕੁਰਾਨ ਦੀ ਸਹੁੰ ਉੱਤੇ ਵਿਸ਼ਵਾਸ ਕਰ ਲਵੇ ਉਸ ਨੂੰ ਕੈਦ ਵਿੱਚ ਬੰਨਣਾ ਜਾਂ ਮਾਰਨਾ ਠੀਕ ਨਹੀਂ।

ਕਉਲ ...... ਬਚਨ ।
ਬਸਤਨ ....... ਬੰਨਣਾ ( ਕੈਦ ਕਰਨਾ ) ।
ਕੁਸ਼ਤਨ ....... ਕਤਲ ਕਰਨਾ, ਮਾਰਨਾ ।

If any person believes an oath on Koran, he should neither be tied (arrested) nor killed.



Scanned by CamScanner

Scanned by CamScanner

بر نگ مگس سیاہ پوش آمدند
بہ یکبارگی در خروش آمدند

ਬਰੰਗ ਮਗਸ ਸਯਾਹ-ਪੋਸ਼ ਆਮਦੰਦ।
ਬ-ਯਕ-ਬਾਰਗੀ ਦਰ ਖ਼ਰੋਸ਼ ਆਮਦੰਦ। ੨੯

बरंग मगस सयाह-पोश आमदंद।
ब-यक-बारगी दर ख़रोश आमदंद।

B-RANG MAGAS SEE-AH POSH AAMDAND
B-YAK-BARGI DAR KHAROSH AAMDAND

ਤੇਰੀ ਕਾਲੀ ਪੋਸ਼ ਫ਼ੌਜ ਮੱਖੀਆਂ ਵਾਂਗ ਆ ਪਈ ਅਤਿ ਸ਼ੋਰ ਮਚਾਉਂਦੀ ਇਕ ਦਮ ਟੁੱਟ ਪਈ।

ਬਰੰਗ ....... ਵਾਂਗ।
ਮਗਸ ....... ਮੱਖੀ।
ਸਯਾਹ ਪੋਸ਼ .... ਕਾਲੀ ਵਰਦੀ ਪਹਿਨਣ ਵਾਲ਼ਾ।
ਬ-ਯਕ-ਬਾਰਗੀ .... ਇੱਕੋ ਵੇਰ, ਇਕ ਦਮ।
ਦਰ ਖ਼ਰੋਸ਼ ...... ਰੌਲਾ।

They (the enemy) dressed in black and like flies came suddenly with great uproar.



Scanned by CamScanner
Scanned by CamScanner

# ਜ਼ਫ਼ਰਨਾਮਾ

ہر آں کس ز دیوار آمد بروں
بخوردن یکے تیر شد غرقِ خوں

ਹਰ ਆਂ ਕਸ ਜ਼ਿ ਦੀਵਾਰ ਆਮਦ ਬਿਰੂੰ।
ਬ-ਖ਼ੁਰਦਨ ਯਕੇ ਤੀਰ ਸ਼ਦ ਗ਼ਰਕੇ ਖ਼ੂੰ। 27

हर आं कस ज़ि दीवार आमद बिरूँ।
ब-खुरदन यके तीर शद ग़रके ख़ूँ।

HAR AAN KAS Z DEEWAR AAMAD BEROON
B-KHURDAN YAK-E TEER SHAD GARK-E KHOON

ਜੋ ਕੋਈ ਵੀ ਦੀਵਾਰ ਦੀ ਓਟ ਤੋਂ ਜ਼ਰਾ ਬਾਹਰ ਆਇਆ, ਉਹ ਇੱਕੋ ਤੀਰ ਖਾ ਕੇ ਲਹੂ ਵਿੱਚ ਗ਼ਰਕ ਹੋ ਗਿਆ।
ਬਿਰੂੰ ...... ਬਾਹਰ।
ਗ਼ਰਕ ਖ਼ੂੰ .... ਖ਼ੂਨ ਵਿੱਚ ਡੁੱਬਿਆ ਹੋਇਆ।

Any person who came out from behind the wall, took one arrow (on his body) and was submerged in blood.



Scanned by CamScanner
Scanned by CamScanner

# ਜ਼ਫ਼ਰਨਾਮਾ

که بیروں نیامد کسے زاں دیوار
نہ خوردند تیرو نگشتند خوار

ਕਿ ਬੇਰੂੰ ਨਯਾਮਦ ਕਸੇ ਜ਼ਾਂ ਦੀਵਾਰ।
ਨ ਖ਼ੁਰਦੰਦ ਤੀਰੋ ਨ-ਗਸ਼ਤੰਦ ਖ਼੍ਵਾਰ। ੨੮

कि बेरूं नयामद कसे याँ दीवार।
न ख़ुरदंद तीरो न-गशतंद ख़वार।

KE BEROON NI-YAMAD KAS-E ZAAN DEEWAR
न KHURDAND TEER-O NAGUSHTAND KHAWAR

ਫਿਰ ਉਸ ਦੀਵਾਰ ਤੋਂ ਕੋਈ ਵੀ ਬਾਹਰ ਨਾ ਆਇਆ। ਨਾ ਉਹਨਾਂ ਤੀਰ ਖਾਧੇ ਤੇ ਨਾ ਹੀ ਖ਼੍ਵਾਰ ਹੋਏ।

ਬੇਰੂੰ.... ਬਾਹਰ।
ਖ਼ੁਰਦਨ ....ਖਾਣਾ।
ਖ਼੍ਵਾਰ ਗਸ਼ਤੰਦ ....ਮੰਦਾ ਹਾਲ ਹੋਣਾ।

Any person who did not come out from (behind) that wall, did not take an arrow and (hence) did not become miserable (die).



Scanned by CamScanner
Scanned by CamScanner

چو دیدم کہ ناہر بیامد بجنگ
چشیدہ یکے تیرِ من بیدرنگ

ਚੁ ਦੀਦਮ ਕਿ ਨਾਹਰ ਬਿਯਾਮੰਦ ਬਜੰਗ ।
ਚਸ਼ੀਦ : ਯਕੇ ਤੀਰਿ ਮਨ ਬੇਦਰੰਗ । ੨੯

चू दीदम कि नाहर बियामंद बजंग ।
चशीद : यके तीरि मन बेदरंग ।

CHU DEEDAM KE NAHAR BI-AAMAD B- JUNG
CHASHEED YAK-E TEER-E MANN B-DRANG

ਜਦ ਮੈਂ ਨਾਹਰ ਖਾਂ ਨੂੰ ਮੈਦਾਨੇ ਜੰਗ ਵਿੱਚ ਆਇਆ ਤੱਕਿਆ ਤਾਂ ਉਸ ਨੇ ਫੌਰਨ ਹੀ ਮੇਰੇ ਤੀਰ ਦਾ ਸੁਆਦ ਚੱਖਿਆ, ਅਰਥਾਤ ਉਹ ਤੀਰ ਖਾ ਕੇ ਥਾਂ ਤੇ ਹੀ ਢਹਿ ਢੇਰੀ ਹੋ ਗਿਆ।

ਦੀਦਨ ... ਤੱਕਣਾਂ, ਦੇਖਣਾ।
ਨਾਹਰ ... ਨਾਹਰ ਖਾਂ ਨਾਂ ਦਾ ਇੱਕ ਪਠਾਣ ਫ਼ੌਜਦਾਰ।
ਚਸ਼ੀਦਨ -- ਚੱਖਣਾ ।
ਬਦਰੰਗ ... ਬਿਨਾਂ ਦੇਰੀ ਤੋਂ। ਫ਼ੌਰਨ।

When I saw that [illegible]har Khan come out from behind the wall [illegible]attle, he immidiately took one of my arrows on himself (and died).



Scanned by CamScanner
Scanned by CamScanner

ہماخر گریزند بجائے مصاف
بسے خاناں خوردند بیروں گزاف

ਹਮਾਖ਼ਿਰ ਗੁਰੇਜ਼ੰਦ ਬਜਾਇ : ਮਸਾਫ਼ ।
ਬਸੇ ਖ਼ਾਨਾਂ ਖ਼ੁਰਦੰਦ ਬੇਰੂੰ ਗੁਜ਼ਾਫ਼ । ੩੦

हमाख़िर गुरेज़ंद बजाए : मसाफ़ ।
बसे ख़ानाँ ख़ुरदंद बेरूँ गुज़ाफ़ ।

HAMAAKHIR GUREZAND B-JAAYE MUSAF
BA-SE KHANAA KHURDAND BEROON GAZAF

ਅਖ਼ੀਰ ਨੂੰ ਉਹ ਪਠਾਣ ਜੋ ਬਾਹਰ ਖੜੋਤੇ ਸ਼ੇਖੀਆਂ ਮਾਰਦੇ ਸਨ, ਰਣਭੂਮੀ ਤੋਂ ਭੱਜ ਗਏ।

ਗੁਰੇਜ਼ੰਦ .... ਨੱਸਣਾ।
ਮਸਾਫ਼ ..... ਜੰਗ।
ਬਸੇ .... ਬਹੁਤ ਸਾਰੇ।
ਗੁਜ਼ਾਫ਼ ..... ਗੱਪ, ਸ਼ੇਖੀ।

Many Afghans who used to tell tall stories (about their bravery) also ran away from the battlefield.



Scanned by CamScanner
Scanned by CamScanner

که افغانِ دیگر بیامد به جنگ
چو سیل روان همچو تیرو تفنگ

ਕਿ ਅਫ਼ਗਾਨਿ ਦੀਗਰ ਬਯਾਮਦ ਬ ਜੰਗ।
ਚੁ ਸੈਲਿ ਰਵਾਂ ਹਮਚੁ ਤੀਰੋ ਤੁਫ਼ੰਗ। ३१

कि अफ़गानि दीगर बयामद ब जंग।
चू सैलि रवां हमचु तीरो तुफ़ंग।

KE AFGAAN-E DEEGAR BI-AAMAD B-JUNG
CHU SEIL-E RAWAAN HAMCHU TEER-O TUFANG

ਇਸ ਪਿੱਛੋਂ ਇੱਕ ਹੋਰ ਪਠਾਣ ਤੇਜ਼ ਹੜ੍ਹ ਵਾਂਗ ਤੇ ਤੀਰ ਤੁਫ਼ੰਗ (ਭਾਵ ਬੰਦੂਕ ਦੀ ਗੋਲ਼ੀ) ਵਾਂਗ ਲੜਨ ਲਈ ਅੱਗੇ ਆਇਆ। (ਸ਼ਾਇਦ ਇਹ ਜ਼ਫ਼ਰਬੇਗ ਵੱਲ ਸੰਕੇਤ ਹੈ।)

ਦੀਗਰ .... ਹੋਰ।
ਸੈਲਿ ..... ਹੜ੍ਹ, ਸੈਲਾਬ।
ਤੁਫ਼ੰਗ .... ਬੰਦੂਕ।

One more Afgan (zafarbeg) came for the battle like a flood of arrows and bullets.



Scanned by CamScanner
Scanned by CamScanner

بسے حملہ کردند بمردانگی
ہم از ہوشگی ہم ز دیوانگی

ਬਸੇ ਹਮਲਾ ਕਰਦੰਦ ਬ-ਮਰਦਾਨਗੀ।
ਹਮ ਅਜ਼ ਹੋਸ਼ਗੀ ਹਮ ਜ਼ਿ ਦੀਵਾਨਗੀ। ੩੨

बसे हमला करदंद ब- मर्दानगी।
हम अज़ होशगी हम ज़ि दीवानगी।

BA-SE HAMLEH KARDAND B-MARDANGI
HAM AZ HOSHGI HAM Z DEEWANGI

ਉਸ ਨੇ ਬਹਾਦਰੀ ਨਾਲ਼ ਬਹੁਤ ਸਾਰੇ ਹਮਲੇ ਕੀਤਿ। ਕੁਝ ਸੂਝ-ਬੂਝ ਨਾਲ਼, ਕੁਝ ਬੇਸਮਝੀ ਨਾਲ਼।

ਬਸੇ ...... ਬਹੁਤ ਸਾਰੇ।
ਹੋਸ਼ਗੀ ....... ਸਮਝ, ਸੂਝ।
ਦੀਵਾਨਗੀ .... ਬੇ ਸਮਝੀ, ਝੱਲ।

He launched many a brave attacks. (However) some of these (Attacks) were intelligently launched but some were sheer madness.



Scanned by CamScanner
Scanned by CamScanner

بسے حملہ کردو بسے زخم خورد
دو کس را بجاں کشتؔ ہم جاں سپرد

ਬਸੇ ਹਮਲਾ ਕਰਦੋ ਬਸੇ ਜ਼ਖ਼ਮ ਖ਼ੁਰਦ।
ਦੋ ਕਸ ਰਾ ਬ-ਜਾਂ ਕੁਸ਼ਤੋ ਹਮ ਜਾਂ ਸੁਪੁਰਦ। ੩੩

बसे हमला करदो बसे ज़खम ख़ुर्द।
दो कस रा ब-जां कुशतो हम जां सुपुर्द।

BAS-E HAMLA KAR-DO BAS-E ZAKHM KHURD
DO KAS RA B-JAN KUSHT-O HAM JAAN SPURD

ਉਸ ਨੇ ਕਈ ਹੱਲੇ ਕੀਤੇ ਅਤੇ ਖ਼ੁਦ ਵੀ ਬਹੁਤ ਸਾਰੇ ਫੱਟ ਖਾਧੇ। ਉਸ ਨੇ ਦੋ ਜਣਿਆਂ ਨੂੰ ਜਾਨੋਂ ਮਾਰ ਦਿੱਤਾ ਤੇ ਆਖ਼ਰ ਆਪ ਵੀ ਆਪਣੀ ਜਾਨ ਦੇ ਗਿਆ।

ਬਸੇ ...... ਬਹੁਤ ਸਾਰੇ।
ਜ਼ਖ਼ਮ ਖ਼ੁਰਦਨ .... ਫੱਟੜ ਹੋਣਾ।
ਬਜ਼ਾਂ ਕੁਸ਼ਤ ..... ਜਾਨੋਂ ਮਾਰ ਦੇਣਾ।
ਜਾਂ ਸਪੁਰਦ ...... ਜਾਨ ਦੇ ਦੇਣਾ, ਮਰ ਜਾਣਾ।

He launched many attacks and he took many wounds upon himself. He killed two (of my) men and also gave his own life as well.



Scanned by CamScanner
Scanned by CamScanner

که آں خواجہ مردود سایہ دیوار
نیامد بمیداں بمردانہ وار

ਕਿ ਆਂ ਖ਼ਵਾਜਾ ਮਰਦੂਦ ਸਾਯ: ਏ ਦੀਵਾਰ।
ਨਯਾਮਦ ਬ-ਮੈਦਾਂ ਬ-ਮਰਦਾਨ: ਵਾਰ। ੩੪

कि आं ख़वाजा मरदूद साया: ए दीवार।
नयामद ब-मैदां ब-मरदान: वार।

KE AAN KHWAJA MARDOOD SAA-EH DEEWAR
NI-AAMAD B-MEIDAN B-MARDAANA VAAR

ਉਹ ਮਰਦੂਦ ਖ਼ਵਾਜਾ ਜ਼ਫ਼ਰਬੇਗ਼ ਦੀਵਾਰ ਦੀ ਓਟ ਹੇਠ ਹੀ ਰਿਹਾ। ਬਹਾਦਰਾਂ ਵਾਂਗ ਮੈਦਾਨ ਵਿੱਚ ਨਹੀਂ ਆਇਆ।

ਖ਼ਵਾਜਾ .... ਖ਼ਵਾਜਾ ਜ਼ਫ਼ਰਬੇਗ।
ਮਰਦਾਨ: ਵਾਰ .... ਬਹਾਦਰਾਂ ਵਾਂਗ।

That coward Khawaja Zafarbeg (Who was hiding behind the wall) did not come out in the battlefield like a brave man.



Scanned by CamScanner

Scanned by CamScanner

دریغا ! اگر روئے او دیدمے
بیک تیر لاچار بخشیدمے

ਦਰੇਗਾ ! ਅਗਰ ਰੂਏ ਉ ਦੀਦਮੇ ।
ਬ-ਯਕ ਤੀਰ ਲਾਚਾਰ ਬਖ਼ਸ਼ੀਦਮੇ । ੩੫

दरेगा! अगर रूए ओ दीदमे ।
ब-यक तीर लाचार बखशीदमे ।

DAREGA ! AGAR ROO-E O DEEDAM-E
B-YAK TEER LAACHAR BAKHSHEEDAM-E

ਜੇਕਰ ਮੈਂ ਉਸਦਾ ਚਿਹਰਾ ਵੇਖ ਲੈਂਦਾ ਤਾਂ ਇੱਕ ਤੀਰ ਉਸ ਨੂੰ ਵੀ ਬਖ਼ਸ਼ ਦਿੰਦਾ। ਭਾਵ ਉਸ ਨੂੰ ਪਾਰ ਬੁਲਾਉਣ ਤੋਂ ਹੈ।

ਦਰੇਗ਼ਾ ..... ਅਫ਼ਸੋਸ ।
ਰੂ ...... ਮੂੰਹ, ਚਿਹਰਾ ।
ਦੀਦਨ .... ਵੇਖਣਾ ।

Alas ! If I had seen his (Khawaja's) face, I would have sent him to the other world just with one arrow.



Scanned by CamScanner

Scanned by CamScanner

# ਜ਼ਫ਼ਰਨਾਮਾ

همآخر بسے زخم تیرو تفنگ
دو سوئے بسے کشتہ شد بیدرنگ

ਹਮਾਖ਼ਿਰ ਬਸੇ ਜ਼ਖਮਿ ਤੀਰੋ ਤੁਫ਼ੰਗ।
ਦੋ ਸੂਏ ਬਸੇ ਕੁਸ਼ਤ: ਸ਼ੁਦ ਬੇਦਰੰਗ। ੩੯

हमाख़िर बसे ज़खमि तीरो तुफंग।
दो सूए बसे कुश्तः शूद बेदरंग।

HAM AAKHAR BA-SE ZAKHM TEER-O TUFANG
DO SU-E BA-SE KUSHTEH SHOD BE-DRANG

ਆਖ਼ਰ ਤੀਰਾਂ ਤੇ ਬੰਦੂਕਾਂ ਦੇ ਫੱਟ ਖਾ ਖਾ ਥੋੜ੍ਹੇ ਚਿਰ ਵਿੱਚ ਹੀ ਦੋਹਾਂ ਪਾਸਿਆਂ ਦੇ ਬਹੁਤ ਸਾਰੇ ਆਦਮੀ ਮਾਰੇ ਗਏ।

ਕੁਸ਼ਤ: ਸ਼ੁਦ ..... ਮਾਰਿਆ ਜਾਣਾ।
ਦੋ ਸੂਏ .... ਦੋਹੀਂ ਪਾਸੀਂ।

In the end many fighters from both sides died quickly after being wounded by arrows and bullets.



Scanned by CamScanner
Scanned by CamScanner

بسے بار باریں تیرو تفنگ
زمیں گشت ہمچوں گل لالہ رنگ

ਬਸੇ ਬਾਰ ਬਾਰੀਦ ਤੀਰੋ ਤੁਫ਼ੰਗ।
ਜ਼ਿਮੀਂ ਗਸ਼ਤ ਹਮਚੂੰ ਗੁਲੇ ਲਾਲਾ ਰੰਗ। ੩੭

बसे बार बारीद तीरो तुफ़ंग।
ज़िमीं गशत हमचूँ गुले लाला रंग।

BA-SE BAAR BA-REED TEER-O TUFANG
ZAMIN GASHT HAMCHU GUL-E LALEH RANG

ਬੰਦੂਕਾਂ ਤੇ ਤੀਰਾਂ ਦੀ ਇੰਨੀ ਵਰਖਾ ਹੋਈ ਕਿ ਧਰਤੀ ਲਹੂ ਨਾਲ਼ ਪੋਸਤ ਦੇ ਫੁੱਲ ਵਾਂਗ ਲਾਲੋ ਲਾਲ ਹੋ ਗਈ।

ਬਾਰੀਦਨ ..... ਵਸਣਾ, ਵਰ੍ਹਨਾ।
ਗਸ਼ਤਨ .... ਹੋਣਾ।
ਹਮਚੂੰ ----- ਵਾਂਗ।
ਗੁਲੇ ਲਾਲਾ --- ਪੋਸਤ ਦਾ ਫੁੱਲ।

Many arrows and bullets rained and the battlefield turned red (with blood) like the red coloured Laaleh (tulip) flowers.



Scanned by CamScanner

Scanned by CamScanner

سرو پائے انبوہ چنداں شدہ
کہ میداں پُر از گو و چوگاں شدہ

ਸਰੋਪਾਇ ਅੰਬੋਹ ਚੰਦਾਂ ਸ਼ੁਦਹ।
ਕਿ ਮੈਦਾਂ ਪੁਰ ਅਜ਼ ਗੂ ਓ ਚੋਗਾਂ ਸ਼ੁਦਹ। ੩੮

सरो पाए अंबोह चंदां शुदह।
कि मैदां पुर अज़ गू ओ चोगां शुदह।

SAR-O PAA-E ANBOH CHANDAN SHUD-E
KI MEIDAAN PUR AZ GU-O CHOGAN SHUD-E

ਮਾਰੇ ਗਏ ਬੰਦਿਆਂ ਦੇ ਸਿਰ-ਪੈਰਾਂ ਦੇ ਇਉਂ ਢੇਰ ਲੱਗ ਗਏ ਜਿਵੇਂ ਖੇਡ ਦਾ ਮੈਦਾਨ ਖਿੱਦੋ-ਖੂੰਡੀਆਂ ਨਾਲ਼ ਭਰਿਆ ਹੋਵੇ। ( ਭਾਵ ਰਣ-ਭੂਮੀ ਵਿੱਚ ਸਿਰ ਖਿੱਦੋਆਂ ਵਾਂਗ ਅਤੇ ਲੱਤਾਂ ਬਾਹਾਂ ਖੂੰਡੀਆਂ ਵਾਂਗ ਖਿਲਰੀਆਂ ਪਈਆਂ ਸਨ।)

ਸਰੋ ਪਾਇ .... ਸਿਰ ਅਤੇ ਪੈਰ।
ਅੰਬੋਹ ਸੁਦਨ .... ਢੇਰ ਲੱਗਣਾ।
ਚੰਦਾਂ ..... ਇੰਨਾ।
ਗੂ ..... ਖਿੱਦੋ।
ਚੋਗਾਂ ..... ਪੋਲੋ ਖੇਡਣ ਵਾਲ਼ੀ ਖੂੰਡੀ।

The battlefied was full of (severed) heads and legs, which gave impression as if these were balls and sticks.



Scanned by CamScanner

Scanned by CamScanner

ਜ਼ਫ਼ਰਨਾਮਾ

ترنکارِ تیرو ترنگ کماں
برآمد یکے ہاو ہوٗ از جہاں

ਤਰੰਕਾਰਿ ਤੀਰੋ ਤਰੰਗ ਕਮਾਂ।
ਬਰਾਮਦ ਯਕੇ ਹਾ ਓ ਹੂ ਅਜ਼ ਜਹਾਂ। ੩੯

तरंकारि तीरो तरंग कमां।
बरामद यके हा ओ हू अज़ जहां।

TARANKAAR TEER-O TARANG KAMAAN
BAR-AAMAD YAK-E HA-O-HUAZ JAHAN

ਤੀਰਾਂ ਤੇ ਕਮਾਨਾਂ ਦੀਆਂ ਟਣਕਾਰਾਂ ਨਾਲ਼ ਲੋਕਾਂ ਵਿੱਚ ਚੀਕ ਚਿਹਾੜਾ ਪੈ ਗਿਆ।

ਤਰੰਕਾਰ .... ਟਣਕਾਰ।
ਤਰੰਗ ਕਮਾਂ ... ਕਮਾਨ ਦੀ ਅਵਾਜ਼।
ਹਾ ਓ ਹੂ .... ਰੌਲਾ, ਚੀਕ ਚਿਹਾੜਾ।
ਜਹਾਂ ......... ਸੰਸਾਰ।

The whizzing of arrows and vibrations of the strings of bows produced huge commotions. And cries of "hai-hu" were coming from the whole battle field.



Scanned by CamScanner
Scanned by CamScanner

دگر شورشِ کیبر کین کوش
ز مردانِ مرداں بروں رفت ہوش

ਦਿਗਰ ਸ਼ੋਰਸ਼ਿ ਕੈਬਰ ਕੀਨ ਕੋਸ਼।
ਜ਼ਿ ਮਰਦਾਨਿ ਮਰਦਾਂ ਬਿਰੂੰ ਰਫ਼ਤ ਹੋਸ਼। ੪੦

दिगर शोरशि कैबर कीन कोश।
ज़ि मर्दानि मर्दां बिरूं रफ़त होश।

DIGAR SHORASH-E KAIBER KEENE KOSH
Z MARDAAN-E MARDAAN BIROON RAFT HOSH

ਇਸ ਪਿਛੋਂ ਮਾਰੂ ਬਰਛਿਆਂ ਨੇ ਇਸ ਤਰ੍ਹਾਂ ਗੜਬੜ ਮਚਾ ਦਿੱਤੀ ਕਿ ਵੱਡੇ ਵੱਡੇ ਸੂਰਮਿਆਂ ਦੇ ਵੀ ਹੋਸ਼ ਗੁੰਮ ਹੋ ਗਏ।

ਸ਼ੋਰਸ਼ਿ ... ਰੌਲ਼ਾ - ਗੌਲਾ।
ਕੈਬਰ --- ਬਰਛਾ।
ਕੀਨ ਕੋਸ਼ ... ਧ੍ਰੋਹੀ, ਜ਼ਾਬਰ।
ਹੋਸ਼ ਬਿਰੂੰ ਰਫ਼ਤਨ .... ਹੋਸ਼ ਗੁੰਮ ਹੋ ਜਾਣਾ।

And the dreadful noises of weapons had their affects on the bravest of brave men who gave the impression as if they lost Their mental balance.



Scanned by CamScanner

Scanned by CamScanner

ہم آخر چہ مردی کُنَد کار زار
کہ بر چِہل تن آیدش بے شمار

ਹਮ ਆਖ਼ਿਰ ਚਿ ਮਰਦੀ ਕੁਨਦ ਕਾਰਜ਼ਾਰ ।
ਕਿ ਬਰ ਚਿਹਲ ਤਨ ਆਯਦਸ਼ ਬੇਸ਼ੁਮਾਰ । ੪੧

हम आख़िर चि मर्दी कुनद कारज़ार ।
कि बर चिहल तन आयदश बेशुमार ।

HAM AAKHAR CHE MARDI KUNAD KARZAAR
KI BAR CHEHAL TAN AAYAD-ASH BE-SHUMAR

ਆਖ਼ਰ ਲੜਾਈ ਵਿੱਚ ਇਕੱਲੀ ਸੂਰਮਗਤੀ ਕੀ ਕਰ ਸਕਦੀ ਹੈ, ਜੇਕਰ ਚਾਲ਼ੀ ਆਦਮੀਆਂ ਉੱਤੇ ਅਣਗਿਣਤ ਫ਼ੌਜ ਧਾਵਾ ਬੋਲ ਦੇਵੇ ।

ਹਮ ਆਖ਼ਿਰ .... ਆਖ਼ਰਕਾਰ ।
ਕਾਰਜ਼ਾਰ ...... ਜੰਗ ।
ਮਰਦੀ ...... ਮਰਦਾਨਗੀ, ਸੂਰਮਗਤੀ ।
ਚਿਹਲ ਤਨ ..... ਚਾਲ਼ੀ ਆਦਮੀ ।

And finally what could the bravery of my forty warriors do in battle when countless of these (Afghans) fell upon them.



Scanned by CamScanner
Scanned by CamScanner

## ਜ਼ਫ਼ਰਨਾਮਾ

چراغِ جہاں چوں شدہ برقع پوش
شہ شب برآمد ہمہ جلوہ جوش

ਚਿਰਾਗ਼ਿ ਜਹਾਂ ਚੂੰ ਸ਼ੁਦਹ ਬੁਰਕਾ ਪੋਸ਼ ।
ਸ਼ਾਹੇ ਸ਼ਬ ਬਰਆਮਦ ਹਮਹ ਜਲਵਾ ਜੋਸ਼ । ੫੨

चिरागि़ जहाँ चूं शुदह बुर्का पोश ।
शाहे शब बर-आमद हमह जलवा जोश ।

CHIRAG-E JAHAAN CHUN SHOD-E BURKA POSH
SHAH-E SHAB BAR-AAMAD HAMEH JALWA JOSH

ਜਿਸ ਵੇਲੇ ਸੰਸਾਰ ਦਾ ਦੀਵਾ, ਸੂਰਜ ਡੁੱਬ ਗਿਆ ਤਾਂ ਰਾਤ ਦਾ ਬਾਦਸ਼ਾਹ ਚੰਦਰਮਾ ਪੂਰੀ ਸਜ-ਧਜ ਨਾਲ਼ ਨਿੱਕਲ ਆਇਆ।

ਚਰਾਗ਼ਿ ਜਹਾਂ --- ਸੰਸਾਰ ਦਾ ਦੀਵਾ, ਸੂਰਜ।
ਬੁਰਕਾ ਪੋਸ਼ ___ ਬੁਰਕਾ ਪਾਉਣ ਵਾਲ਼ਾ।
ਸ਼ਾਹੇ ਸ਼ਬ ..... ਰਾਤ ਦਾ ਬਾਦਸ਼ਾਹ।
ਜਲਵਾ ਜੋਸ਼ ... ਸਜ ਧਜ ਵਾਲ਼ਾ।

When the lamp of the world (The Sun) had covered itself (had set), the King of the night (the darkness) came out with all its glory (it became pitch dark).



Scanned by CamScanner
Scanned by CamScanner

ہر آں کس بقول قُراں آیدش
کہ یزداں برو رہنما آیدش

ਹਰ ਆਂ ਕਸ ਬਕੌਲ ਕੁਰਾਂ ਆਯਦਸ਼।
ਕਿ ਯਜ਼ਦਾਂ ਬਰੋ ਰਹਨੁਮਾਂ ਆਯਦਸ਼। ੪੩

हर आं कस बकौल कुरां आयदश।
कि यजदां बरो रहनुमां आयदश।

HAR AAN KAS BA-KAUL KURAN AAI-DASH
KI YAZDAN BAR-O REHNUMA AAIDASH

ਜੇ ਕੋਈ ਕੁਰਾਨ ਦੀ ਸਹੁੰ ਉੱਤੇ ਭਰੋਸਾ ਕਰੇ, ਪਰਮਾਤਮਾ ਉਸ ਨੂੰ ਰਸਤਾ ਵਿਖਾਉਂਦਾ ਹੀ ਹੈ।

ਹਰ ਆਂ ਕਸ ...... ਜੇ ਕੋਈ।
ਬਕੌਲੇ ਕੁਰਾਂ ........ ਕੁਰਾਨ ਦੀ ਕਸਮ।
ਰਹਨੁਮਾ ........ ਰਾਹ ਦਿਖਾਉਣ ਵਾਲ਼ਾ।

God becomes guide of any person who trusts someone's oath taken on the holy Koran.



Scanned by CamScanner

Scanned by CamScanner

نه پیچیده موئے نه رنجیده تن
که بیرون خود آورد دشمن شکن

ਨਾ ਪੇਚੀਦਹ ਮੂਏ ਨ ਰੰਜੀਦਹ ਤਨ।
ਕਿ ਬੇਰੂੰ ਖ਼ੁਦ ਆਵੁਰਦ ਦੁਸ਼ਮਨ ਸ਼ਿਕਨ। ੪੪

न पेचीदह मू-ए न रंजीदह तन।
कि बेरूं ख़ुद आवुर्द दुशमन शिकन।

NA PECHEEDEH MU-E NA RANJEEDAH TAN
KI BEROON KHUD AAWURD DUSHMAN SHIKAN

ਨਾ (ਅਸਾਡਾ) ਰਤਾ ਵਾਲ ਵਿੰਗਾ ਹੋਇਆ
ਤੇ ਨਾ ਹੀ ਸਾਡੇ ਸਰੀਰ ਨੂੰ ਕੋਈ ਖੇਦ ਪਹੁੰਚਿਆ
ਕਿਉਂਕਿ ਸ਼ਤਰੂ-ਹਰਤਾ ਪਰਮੇਸ਼ਰ ਨੇ ਆਪ ਸਾਨੂੰ
(ਮੁਸੀਬਤਾਂ ਵਿੱਚੋਂ) ਕੱਢ ਲਿਆਂਦਾ।
ਪੇਚੀਦਨ ..... ਵਿੰਗਾ ਹੋਣਾ।
ਮੂਏ ....... ਵਾਲ।
ਰੰਜੀਦਨ ..... ਦੁਖੀ ਹੋਣਾ।
ਬਰੂੰ ਆਵੁਰਦਨ .. ਬਾਹਰ ਕੱਢਣਾ।
ਦੁਸ਼ਮਨ ਸ਼ਿਕਨ ... ਵੈਰੀਆਂ ਨੂੰ ਮਾਰਨ ਵਾਲਾ।

And so without a scratch on my body or twist of my hair, Lord Himself brought me out of the Chamkaur siege) after destroying the enemy.



Scanned by CamScanner
Scanned by CamScanner

ਜ਼ਫ਼ਰਨਾਮਾ

نداانم کہ این مرد پیماں شکن
کہ دولت پرست ست و ایماں فگن

ਨਦਾਨਮ ਕਿ ਈਂ ਮਰਦਿ ਪੈਮਾ ਸ਼ਿਕਨ।
ਕਿ ਦੌਲਤ ਪ੍ਰਸਤਤੋ ਈਮਾਂ ਫ਼ਿਗਨ। ੪੫

नदानम कि ईं मर्दे पैमा शिकन।
कि दौलत प्रसत तो ईमां फ़िगन।

NA DAANAM KI EEN MARD PAIMAAN SHIKAN
KE DAULAT PRAST TO EEMAAN FIGAN

ਮੈਨੂੰ ਇਹ ਨਹੀਂ ਸੀ ਪਤਾ ਕਿ ਇਹ ਇਕਰਾਰ ਤੋੜਨ ਵਾਲਾ (ਔਰੰਗਜ਼ੇਬ) ਟਕੇ ਦਾ ਮੁਰੀਦ ਹੈ ਤੇ ਧਰਮ ਈਮਾਨ ਨੂੰ ਪਰੇ ਸੁੱਟ ਦੇਣ ਵਾਲਾ ਹੈ।

ਨਦਾਨਮ ...... ਜਾਣਨਾ।
ਪੈਮਾਂ ਸ਼ਿਕਨ ..... ਵਾਅਦਾ ਤੋੜਨ ਵਾਲਾ।
ਦੌਲਤ-ਪ੍ਰਸਤ .... ਮਾਇਆ ਦਾ ਪੁਜਾਰੀ, ਟਕੇ ਦਾ ਮੁਰੀਦ।
ਈਮਾਂ ਫ਼ਿਗਨ .... ਬੇਈਮਾਨ।

Aurangzeb! I did not know that you are a perjurer; that you are [illegible] worshipper of wealth and breaker of your [illegible].



Scanned by CamScanner

Scanned by CamScanner

نہ ایماں پرستی نہ اوضاعِ دیں
نہ صاحب شناسی نہ محمدؐ یقیں

ਨਾ ਈਮਾਂ ਪ੍ਰਸਤੀ ਨਾ ਔਜ਼ਾਇ ਦੀਂ।
ਨਾ ਸਾਹਿਬ ਸ਼ਨਾਸੀ ਨਾ ਮੁਹੰਮਦ ਯਕੀਂ। ੪੬

ना ईमां प्रसती ना औज़ाए दीं।
ना साहिब शनासी ना मोहंमद यकीं।

NA EEMAN PRASTI NA AUZAA-E DEEN
NA SAHIB SHANAASI MOHAMMED YAKEEN

ਔਰੰਗਜ਼ੇਬ! ਨਾ ਤੂੰ ਦੀਨ ਈਮਾਨ ਉੱਤੇ ਕਾਇਮ ਹੈਂ ਤੇ ਨਾ ਹੀ ਤੂੰ ਸ਼ਰਾ ਸ਼ਰੀਅਤ ਦਾ ਪਾਬੰਦ ਹੈਂ। ਨਾ ਤੈਨੂੰ ਪਰਮਾਤਮਾ ਦੀ ਪਛਾਣ ਹੈ ਅਤੇ ਨਾ ਹੀ ਹਜ਼ਰਤ ਮੁਹੰਮਦ ਸਾਹਿਬ ਉੱਤੇ ਹੀ ਭਰੋਸਾ ਹੈ।

ਔਜ਼ਾਇ ਦੀਂ .... ਦੀਨ ਦੇ ਨੇਮ, ਸ਼ਰੀਅਤ।
ਸਾਹਿਬ ਸ਼ਨਾਸੀ ... ਪਰਮਾਤਮਾ ਨੂੰ ਪਛਾਣਨ ਵਾਲਾ।

*You neither follow the teaching of Islam nor you understand its meaning. You do not know the ways of the Lord nor you have any faith in Prophet Mohammed.*



Scanned by CamScanner
Scanned by CamScanner

# ਜ਼ਫ਼ਰਨਾਮਾ

ہر آنکس کہ ایماں پرستی کند
نہ پیماں خودش پیش و پستی کند

ਹਰ ਆਂ ਕਸ ਕਿ ਈਮਾਂ ਪ੍ਰਸਤੀ ਕੁਨਦ।
ਨ ਪੈਮਾਂ ਖ਼ੁਦਸ਼ ਪੇਸ਼ੋ ਪਸਤੀ ਕੁਨਦ। ੪੭

हर आं कस कि ईमां प्रसती कुनद।
न पैमां ख़ुदश पेशो पसती कुनद।

HAR AAN KAS KI EEMAN PRASTI KUNAD
NA PEIMAN KHUDASH PEISH-O PASTI KUNAD

ਜੋ ਆਦਮੀ ਧਰਮ ਈਮਾਨ ਉੱਤੇ ਚੱਲਣ ਵਾਲ਼ਾ ਹੁੰਦਾ ਹੈ, ਉਹ ਕਦੀ ਆਪਣੇ ਵਾਅਦੇ ਤੋਂ ਟਾਲ ਮਟੋਲ ਨਹੀਂ ਕਰਦਾ।

ਹਰ ਆਂ ਕਸ .... ਜੋ ਕੋਈ।
ਪੇਸ਼ੋ ਪਸ ..... ਅੱਗੇ ਪਿੱਛੇ ਹੋਣ ਦਾ ਭਾਵ।

Any believer of his faith, will not look here and there (while fulfilling) his own promises.



Scanned by CamScanner
Scanned by CamScanner

کہ ایں مرد را زرہ اعتبار نیست
چہ قسم قرانست یزداں یکیست

ਕਿ ਈਂ ਮਰਦ ਰਾ ਜ਼ੱਰਹ ਇਅਤਬਾਰ ਨੇਸਤ।
ਚਿ ਕਸਮੇਂ ਕੁਰਾਨ ਅਸਤ ਯਜ਼ਦਾਂ ਯਕੇਸਤ। ੪੮

कि ईं मर्द रा ज़र्रह ऐअतबार नेसत।
चि कसमें कुरान असत यज़दां यकेसत।

KE EEN MARD RA ZARRA EITEBAAR-E NEESAT
CHI KASM-E KURAN AST YAZDAAN YAKEEST

ਇਸ ਆਦਮੀ ਤੇ ਮੈਨੂੰ ਰਤਾ ਭਰ ਵੀ ਭਰੋਸਾ ਨਹੀਂ। ਇਸ ਦੇ ਲਈ ਕੁਰਾਨ ਦੀ ਕਸਮ ਅਤੇ ਤੌਹੀਦ ਬੇਮਾਅਨੀ ਹਨ, ਅਰਥਾਤ ਇਸ ਦੇ ਲਈ ਇਹ ਗੱਲਾਂ ਕੁਝ ਵੀ ਅਰਥ ਨਹੀਂ ਰੱਖਦੀਆਂ।

ਜ਼ੱਰਹ .... ਰਤਾ ਭਰ, ਥੋੜ੍ਹਾ ਜਿਹਾ।
ਨੇਸਤ ... ਨਹੀਂ ਹੈ।
ਯਜ਼ਦਾਂ ... ਪਰਮੇਸ਼ਰ।

This man ( Aurangzeb) can not be trusted even equivalent of a speak of sand and who swears by K[illegible] as well as by One God.



Scanned by CamScanner

Scanned by CamScanner

چو قسم قُراں صد کُنند اختیار
مرا قطرہ نایدازو اعتبار

ਚੁ ਕਸਮੇ ਕੁਰਾਂ ਸਦ ਕੁਨਦ ਇਖ਼ਤਿਯਾਰ।
ਮਰਾ ਕਤਰ: ਨਾਯਦ ਅਜ਼ੋ ਇਅਤਿਬਾਰ। ੪੯

चू कसमे कुरां सद कुनद इख़तियार।
मरा कतर: नायद अज़ो इअतिबार।

CHU KASME KURAN SAD KUNAD IKHTI-AAR
MRAA KATREH NA-YAD AZ-O EIT-BAAR

ਤੂੰ ਭਾਵੇਂ ਕੁਰਾਨ ਦੀਆਂ ਸੌ ਕਸਮਾਂ ਵੀ ਖਾਵੇਂ,
ਮੈਨੂੰ ਤੇਰੇ ਉੱਤੇ ਰਤਾ ਵੀ ਇਤਬਾਰ ਨਹੀਂ।
ਸਦ ... ਸੌ।
ਇਅਤਿਬਾਰ ... ਭਰੋਸਾ ਹੋਣਾ।

(SO NOW) if you swear hundred times on the Koran, I do not have trust in you even equivalent to a drop of water.



Scanned by CamScanner

Scanned by CamScanner

اگرچہ تُرا اعتبار آمدے
کمر بستۂ پیشوار آمدے

ਅਗਰ ਚਿ ਤੁਰਾ ਇਅਤਬਾਰ ਆਮਦੇ ।
ਕਮਰ ਬਸਤ : ਏ ਪੇਸ਼ਵਾਰ ਆਮਦੇ । ੫੦

अगर चि तुरा ऐअतबार आमदे ।
कमर बसत : ए पेशवार आमदे ।

AGAR CHEH TURA EIT-BAAR AAMAD-E
KAMAR BASTEH-E PESH-VAAR AAMAD-E

ਜੇ ਤੈਨੂੰ (ਪਰਮਾਤਮਾ ਅਤੇ ਕੁਰਾਨ ਸ਼ਰੀਫ਼ ਉੱਤੇ) ਭਰੋਸਾ ਹੁੰਦਾ ਤਾਂ ਤੂੰ ਕਮਰਕੱਸਾ ਕਰਕੇ ਸਾਹਮਣੇ ਆ ਜਾਂਦਾ ।

ਅਗਰਚਿ ... ਜੇਕਰ ।
ਤੁਰਾ .... ਤੈਨੂੰ ।

If you had trust in me, you would have come to meet me personally.



Scanned by CamScanner
Scanned by CamScanner

ਜ਼ਫ਼ਰਨਾਮਾ

که فرضست بر سر ترا این سخن

که قولِ خدا است قسمست من

ਕਿ ਫ਼ਰਜ਼ਸਤ ਬਰ ਸਰ ਤੁਰਾ ਈਂ ਸੁਖ਼ਨ।
ਕਿ ਕੌਲੇ ਖ਼ੁਦਾ ਅਸਤ ਕਸਮਸਤ ਮਨ। ੫੧

कि फ़र्जस्त बर सर तुरा ईं सुख़न।
कि कौल-ए ख़ुदा असत कसमस्त मन।

KE FARZ AST BAR SAR TURA EEN SUKHAN
KE KAUL-E KHUDA AST KASM AST MAN

ਸੋ ਇਹ ਹੈ ਕਿ ਇਸ ਬਚਨ ਬਾਰੇ ਤੇਰਾ ਇਹ ਫ਼ਰਜ਼ ਬਣਦਾ ਹੈ ਕਿ ਤੂੰ ਆਪਣੇ ਕੌਲ ਇਕਰਾਰ ਅਤੇ ਕਸਮ ਤੇ ਕਾਇਮ ਰਹੇਂ।
ਬਰ ਸਰ ਤੁਰਾ ..... ਤੇਰੇ ਜ਼ਿੰਮੇ।
ਸੁਖਨ ........ ਗੱਲ।
ਕੌਲੇ ਖ਼ੁਦਾ ...... ਰੱਬੀ ਕਲਾਮ।

It is incumbent on you now to keep your word. you had given word in the name of God and had said," I swear" (to keep your word of coming and meeting me personally)



Scanned by CamScanner
Scanned by CamScanner

اگر حضرتِ خود سِتادہ شود
بجان و دِل کار واضح شود

ਅਗਰ ਹਜ਼ਰਤ ਖ਼ੁਦ ਸਿਤਾਦ: ਸ਼ਵਦ।
ਬਜਾਨੋ ਦਿਲ ਕਾਰ ਵਾਜ਼ਿਹ ਸ਼ਵਦ। ੫੨

अगर हज़रत ख़ुद सिताद : शवद।
बजानो दिल कार वाज़िह शवद।

AGAR HAZRAT-E KHUD SITAD-EH SHAWAD
B-JAAN-O DIL KAR VAAZEH SHAWAD

ਹੇ ਔਰੰਗਜ਼ਿਬ! ਜੇ ਤੂੰ ਮੇਰੇ ਸਾਹਮਣੇ ਹੁੰਦਾ ਤਾਂ ਸਾਰੀ ਹੀ ਗੱਲ ਪੂਰੀ ਤਰਾਂ, ਸੱਚੇ ਹਿਰਦੇ ਨਾਲ਼ ਸਪੱਸ਼ਟ ਹੋ ਜਾਂਦੀ।

ਹਜ਼ਰਤ ... ਆਦਰ ਵਾਚਕ ਪਦ।
ਸਿਤਾਦ ... ਖੜ੍ਹਾ ਹੋਣਾ।
ਵਾਜ਼ਿਹ .... ਸਪੱਸ਼ਟ।
ਬਜਾਨੋ ਦਿਲ ... ਦਿਲ ਜਾਨ ਤੋਂ ਅਰਥਾਤ ਸੱਚੇ ਹਿਰਦੇ ਨਾਲ਼।

If you majesty were present here, all actions undertaken so far would have been clarified (whatever has happened would be discussed)



Scanned by CamScanner

Scanned by CamScanner

## ਜ਼ਫ਼ਰਨਾਮਾ

شما را چو فرض است کارے کُنی
بموجب نوشته شمارے کُنی

ਸ਼ੁਮਾ ਰਾ ਚੁ ਫ਼ਰਜ਼ਸਤ ਕਾਰੇ ਕੁਨੀ।
ਬਾ ਮੂਜਬ ਨਵਿਸ਼ਤਾ ਸ਼ਮਾਰੇ ਕੁਨੀ। ੫੩

शुमा रा चू फर्जसता कारि कुनी।
बा मूजब नविशता शुमारि कुनी।

SHUMA RI CHU FARZ ASTA KAR-E KUNI
B-MOOJAB NIVESHTEH SHUMAAR-E KUNI

ਤੇਰਾ ਇਹ ਫ਼ਰਜ਼ ਬਣਦਾ ਹੈ ਕਿ ਤੂੰ ਆਪਣੇ ਲਿਖੇ ਅਨੁਸਾਰ ਅਮਲ ਕਰੇਂ।
ਸ਼ੁਮਾ ਰੇ ---- ਤੇਰਾ।
ਬ ਮੂਜਬ ਨਵਿਸ਼ਤ --- ਲਿਖੇ ਅਨੁਸਾਰ।
ਸ਼ੁਮਾਰ ----- ਹਿਸਾਬ।

It is incumbent on you to fulfil the task undertaken by you and stick to whatever you have written in your letter (about meeting me).



Scanned by CamScanner
Scanned by CamScanner

# ਜ਼ਫ਼ਰਨਾਮਾ

نوشتہ رسید و بگفتن زبان
بباید کہ ایں کار راحت رساں

ਨਵਿਸ਼ਤਃ ਰਸੀਦੋ ਬਗੁਫ਼ਤਨ ਜ਼ੁਬਾਂ।
ਬਿਬਾਯਦ ਕਿ ਈਂ ਕਾਰ ਰਾਹਤ ਰਸਾਂ। ੫੪

नविसतह : रसीदो बगुफ़तन ज़ुबां।
बिबायद कि ईं कार राहत रसां।

NIVISHTEH RASEED-O B-GUFTAN ZUBAAN
B-BAAYAD KI EEN KAR RAAHAT RASAAN

ਤੇਰਾ ਲਿਖਿਆ ਹੋਇਆ ਪੱਤਰ ਅਤੇ ਜ਼ੁਬਾਨੀ ਸੁਨੇਹਾ ਮੈਨੂੰ ਪਹੁੰਚਿਆ। ਤੈਨੂੰ ਚਾਹੀਦਾ ਹੈ ਕਿ ਹੁਣ ਤੂੰ ਇਸ ਕੰਮ ਨੂੰ ਠੀਕ ਤਰਾਂ ਸਿਰੇ ਚਾੜ੍ਹ ਦੇਵੇਂ।

ਨਵਿਸ਼ਤ ....... ਲਿਖਤ।
ਬਗੁਫ਼ਤ ਜ਼ੁਬਾ .... ਜ਼ੁਬਾਨੀ ਆਖਿਆ ਹੋਇਆ।
ਰਸੀਦਨ --- ਪਹੁੰਚਿਆ।
ਬਗੁਫ਼ਤਨ ... ਕਹਿਣਾ।

I have recieved your communication and also heard your message (through your re--presentative who met me here in Dina). You should know complete this task (of meeting me) that will usher in Peace.



Scanned by CamScanner

Scanned by CamScanner

ہموں مرد باید شود سخنور
نہ شکمِ دِگر در دھانِ دِگر

ਹਮੂੰ ਮਰਦ ਬਾਅਦ ਸ਼ਵਦ ਸੁਖ਼ਨਵਰ।
ਨਾ ਸ਼ਿਕਮੇ ਦਿਗ਼ਰ ਦਰ ਦਹਾਨਿ ਦਿਗ਼ਰ। ੫੫

हमूँ मर्द बायद शवद सुखनवर।
ना शिकमे दिग़र दर दहाने दिग़र।

HAMU MARD BAA-YED SHAWAD SUKHANVAR
NA SHIKM-E DIGAR DAR DAHAAN-E DIGAR

ਮਰਦ ਨੂੰ ਚਾਹੀਦਾ ਹੈ ਕਿ ਉਹ ਬਚਨਾਂ ਦਾ ਪੂਰਾ ਹੋਵੇ। ਇਹ ਠੀਕ ਨਹੀਂ ਕਿ ਦਿਲ ਵਿੱਚ ਹੋਰ ਤੇ ਮੂੰਹ ਵਿੱਚ ਕੁਝ ਹੋਰ ਹੋਵੇ।

ਸੁਖ਼ਨਵਰ ------ ਬਚਨ ਦਾ ਪੱਕਾ।
ਸ਼ਿਕਮ --- ਪੇਟ।
ਦਹਾਨ ---- ਮੂੰਹ।
ਦਰ ----- ----- ਵਿੱਚ।

A man should keep his word. (He should not say) something with his mouth and (have) something else in his stomach.



Scanned by CamScanner

Scanned by CamScanner

که قاضی مرا گفت بیروں نیم
اگر راستی خود بیاری قدم

ਕਿ ਕਾਜ਼ੀ ਮਰਾ ਗੁਫ਼ਤ ਬੇਰੂੰ ਨਯਮ।
ਅਗਰ ਰਾਸਤੀ ਖ਼ੁਦ ਬਿਯਾਰੀ ਕਦਮ। ੫੬

कि काज़ी मरा गुफ़त बेरूं नयम
अगर रासती खुद बियारी कदम।

KE KAZI MARAA GUFT BEROON-E NAAM
AGAR RASTI KHUD B-YARI KADAM

ਜੋ ਕੁਝ ਤੇਰੇ ਕਾਜ਼ੀ ਨੇ ਮੈਨੂੰ ਕਿਹਾ ਹੈ, ਮੈਂ ਉਸ ਤੋਂ ਬਾਹਰ ਨਹੀਂ। ਜੇ ਤੂੰ ਸਚਾਈ ਉੱਤੇ ਹੈ ਤਾਂ ਤੂੰ ਖ਼ੁਦ ਸਾਡੇ ਪਾਸ ਆ।
ਕਾਜ਼ੀ .... ਮੁਨਸਿਫ਼, ਸੰਕੇਤ ਏਲਚੀ ਵੱਲ ਹੈ।
ਬੇਰੂੰ ---- ਬਾਹਰ।
ਰਾਸਤ ---- ਸੱਚਾ।

What your representative has said (I agree with that) and I am not out of it. If you are truthful, you will yourself come here in the spirit of friendship.



Scanned by CamScanner

Scanned by CamScanner

ترا گر بیابد آں قولِ قراں
بہ نزدِ شمارا رسانم ہماں

ਤੁਰਾ ਗਰ ਬਿਯਾਬਦ ਆਂ ਕੌਲੇ ਕੁਰਾਂ।
ਬ-ਨਿਜ਼ਦੇ ਸ਼ੁਮਾ ਰਾ ਰਸਾਨਮ ਹਮਾਂ। 57

तुरा गर बियाबद आं कौले कुरां।
ब-निज़दे शुमा रा रसानम हमां।

TURA GAR B-BAAYED AAN KAUL-E KURAN
B-NAZD-E SHUMA RA RASAANAM HAMAAN

ਜੇ ਤੂੰ ਉਹ ਕਸਮਨਾਮਾ ਵੇਖਣਾ ਚਾਹੁੰਦਾ ਹੈਂ ਤਾਂ ਮੈਂ ਉਹ ਵੀ ਤੈਨੂੰ ਭੇਜ ਸਕਦਾ ਹਾਂ।
ਤੁਰਾ ... ਤੈਨੂੰ।
ਬਨਿਜ਼ਦ ... ਪਾਸ
ਰਸਾਨਮ ... ਭੇਜ ਸਕਦਾ।

Should you want, I can also have the copy of Quran delivered to you which has the (false) written promises.



Scanned by CamScanner

Scanned by CamScanner

کہ تشریف در قصبہ کانگڑ کنند
وزاں پس ملاقات باہم شود

ਕਿ ਤਸ਼ਰੀਫ਼ ਦਰ ਕਸਬਾ ਕਾਂਗੜ ਕੁਨਦ।
ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ। ੫੮

कि तशरीफ़ दर कसबा कांगड़ कुनद।
वज़ां पस मुलाकात बाहम शवद।

KE TASHREEF DAR KASBEH KANGAR KUNAD
VAZAAN PAS MULAAKAT BAAHAM SHAWAD

ਜੇ ਤੂੰ ਕਾਂਗੜ ਨਗਰ ਵਿੱਚ ਤਸ਼ਰੀਫ਼ ਲੈ ਆਵੇਂ ਤਾਂ ਇਸ ਉਪਰੰਤ ਆਪਣੀ ਮੁਲਾਕਾਤ ਹੋ ਸਕੇਗੀ।

ਕਾਂਗੜ .... ਮਾਲਵੇ (ਪੰਜਾਬ) ਦਾ ਉਹ ਨਗਰ ਜਿੱਥੋਂ ਗੁਰੂ ਸਾਹਿਬ ਨੇ ਇਹ ਚਿੱਠੀ ਲਿਖ ਕੇ ਭੇਜੀ ਸੀ।
ਵਜ਼ਾਂ ਪਸ .... ਤੇ ਉਸ ਤੋਂ ਬਾਦ।
ਬਾਹਮ .... ਆਪਸ ਵਿੱਚ।

If your majesty visits Kangar village (Where I am staying) then we both can meet each other.



Scanned by CamScanner
Scanned by CamScanner

نہ ذرہ دریں راہ خطرہ تراست
ہمہ قومِ بیراڑ حکمِ مراست

ਨ ਜ਼ੱਰ: ਦਰੀਂ ਰਾਹ ਖ਼ਤਰ: ਤੁਰਾਸਤ।
ਹਮ ਕੌਮਿ ਬੈਰਾੜ ਹੁਕਮਿ ਮਰਾਸਤ। ੫੯

न ज़रह दरीं राह खतराह तुरास्त।
हम कौमि बैराड़ हुकमे मरास्त।

NA ZARRA DAREEN RAH KHATREH TURAST
HAMEH KUAM-E BIRAD HUKM-E MARAST

ਤੈਨੂੰ ਇਸ ਰਸਤੇ ਆਉਣ ਵਿੱਚ ਕੋਈ ਖ਼ਤਰਾ ਨਹੀਂ ਕਿਉਂਕਿ ਇਸ ਇਲਾਕੇ ਵਿੱਚ ਵਸਣ ਵਾਲ਼ੀ ਸਾਰੀ ਬੈਰਾੜ ਕੌਮ ਮੇਰੇ ਹੁਕਮ ਵਿੱਚ ਹੈ।
ਦਰੀਂ ਰਾਹ ........ਇਸ ਰਸਤੇ ਵਿੱਚ।
ਬੈਰਾੜ ...... (ਬਰਾੜ) ਸਿੱਧੂ ਖ਼ਾਨਦਾਨ ਦੇ ਲੋਕ।

(If you come here) there will be no danger to your person at all since the Birad (Brar) people (of Kangar area) are all under my command.



Scanned by CamScanner

Scanned by CamScanner

ਜ਼ਫ਼ਰਨਾਮਾ

بیا با سخن خود زبانی کنیم
بروئے شما مہربانی کنیم

ਬਿਯਾ ਤਾ ਸੁਖ਼ਨ ਖ਼ੁਦ ਜ਼ਬਾਨੀ ਕੁਨੇਮ।
ਬਰੂਏ ਸ਼ੁਮਾ ਮਿਹਰਬਾਨੀ ਕੁਨੇਮ। ੬੦

बिया ता सुखन खुद ज़बानी कुनेम।
बरुए शुमा मेहरबानी कुनेम।

BI-AA TA SUKHAN KHUD ZUBAANI KUNAM
B-ROO-E SHUMA MEHAR BAANI KUNAM

ਤੂੰ ਇਥੇ ਕਾਂਗੜ ਕਸਬੇ ਵਿੱਚ ਆ ਜਾ ਤਾਂਕਿ ਅਸੀਂ ਆਹਮੋ-ਸਾਹਮਣੇ ਹੋ ਜ਼ਬਾਨੀ ਗੱਲਬਾਤ ਕਰ ਲਈਏ।
ਬਿਯਾ --- ਆ।
ਬਰੂਏ ਸ਼ੁਮਾ ... ਤੇਰੇ ਸਾਹਮਣੇ / ਆਹਮੋ-ਸਾਹਮਣੇ

Aurangzeb! come here and I will talk to you face to face and I will show my compassion for you (by forgiving you for your past sins of talking false oaths on Koran)



Scanned by CamScanner
Scanned by CamScanner

# ਜ਼ਫ਼ਰਨਾਮਾ

اگر تو بہ یزداں پرستی کنی
بکارِ مرا ایں نہ سستی کنی

ਅਗਰ ਤੂ ਬ ਯਜ਼ਦਾਂ ਪ੍ਰਸਤੀ ਕੁਨੀ।
ਬਕਾਰਿ ਮਰਾ ਈਂ ਨ ਸੁਸਤੀ ਕੁਨੀ। ੬੧

अगर तू ब यज़दां प्रसती कुनी।
बकारि मरा ईं न सुसती कुनी।

AGAR TU B-YAZDAAN PRASTI KUNI
B-KAR-E MARA EEN NA SUSTI KUNI

ਜੇ ਤੂੰ ਸੱਚਾ ਖ਼ੁਦਾ ਪ੍ਰਸਤ ਹੈਂ ਤਾਂ ਮੇਰੀ ਦੱਸੀ ਇਸ ਗੱਲ ਵਿੱਚ ਰਤਾ ਵੀ ਢਿੱਲ ਨਹੀਂ ਕਰੇਂਗਾ।
ਯਜ਼ਦਾ ਪ੍ਰਸਤੀ....... ਪ੍ਰਮਾਤਮਾ ਦੀ ਪੂਜਾ।
ਕਾਰ .......... ਕੰਮ।

If you worship the Lord, then you will not show any laxity in this affair (You will not delay in coming and meeting me).



Scanned by CamScanner
Scanned by CamScanner

# ਜ਼ਫ਼ਰਨਾਮਾ

بباید کہ یزداں شناسی کنی
نہ گُفتہ کسے کس خراشی کنی

ਬਿਬਾਯਦ ਕਿ ਯਜ਼ਦਾਂ ਸ਼ਨਾਸੀ ਕੁਨੀ।
ਨਾ ਗੁਫ਼ਤ: ਕਸੇ ਕਸ ਖ਼ਰਾਸੀ ਕੁਨੀ। ੬੨

बिबायद कि यज़दां शनासी कुनी।
न गुफ़त: कसे कस ख़रासी कुनी।

BE-BAYED KE YAZDAAN SHANAASI KUNI
NA GUFTEH KAS-E KAS KHARAASI KUNI

ਤੈਨੂੰ ਚਾਹੀਦਾ ਹੈ ਕਿ ਤੂੰ ਸੱਚੇ ਰੱਬ ਨੂੰ ਪਛਾਣੇਂ ਅਤੇ ਕਿਸੇ ਦੇ ਕਹਿਣ ਤੇ ਕਿਸੇ ਉੱਤੇ ਜ਼ੁਲਮ ਨਾ ਕਰੇਂ।

ਬਿਬਾਯਦ ..... ਉਚਿਤ, ਚਾਹੀਦਾ ਹੈ।
ਯਜ਼ਦਾਂ ਸ਼ਨਾਸੀ ..... ਰੱਬ ਦੀ ਪਛਾਣ।
ਗੁਫ਼ਤ ....... ਕਿਹਾ ਹੋਇਆ।
ਖ਼ਰਾਸ਼ੀ .......... ਜ਼ੁਲਮ, ਦੁੱਖ।

You should believe in the Lord Almighty; stop harming and tormenting people on the advise of your courtiers.



Scanned by CamScanner

Scanned by CamScanner

تو مسند نشیں سرورِ کائنات
کہ عجب است انصاف ایں ہم صفات

ਤੂ ਮਸਨਦ ਨਸ਼ੀਂ ਸਰਵਰੇ ਕਾਇਨਾਤ।
ਕਿ ਅਜਬ ਅਸਤ ਇਨਸਾਫ਼ ਈਂ ਹਮ ਸਿਫ਼ਾਤ। ੬੩

तू मसनद नशीं सरवेर कायनात।
कि अजब असत इन्साफ ई हम सिफ़ात।

TU MASNAD NASHEEN SAR-VAR-E KAA-E NAAT
KE AJAB AST INSAAF EEN HAM SIFAAT

ਤੂੰ ਪਾਤਸ਼ਾਹ ਦੀ ਗੱਦੀ ਉੱਤੇ ਬੈਠ ਹੈਂ ਤੇ ਲੋਕਾਂ ਦਾ ਸਰਦਾਰ ਹੈਂ। ਇਹ ਤੇਰੀਆਂ ਸਿਫ਼ਤਾਂ, ਇਹ ਤੇਰਾ ਨਿਆਂ! ਅਜੀਬ ਜੇਹੀ ਗੱਲ ਹੈ!!

ਮਸਨਦ ਨਸ਼ੀਂ ..... ਗੱਦੀ ਉੱਤੇ ਬੈਠਣ ਵਾਲ਼ਾ।
ਸਰਵਰ ........ ਸਰਦਾਰ।
ਹਮ ........ ਵੀ।
ਸਿਫ਼ਾਤ ...... ਗੁਣ, ਸਿਫ਼ਤਾਂ।

You are occupying the throne in the name of the Lord of the universe. But strange is your justice and strange are your attributes.



Scanned by CamScanner

Scanned by CamScanner

که عجب است انصاف و دین پروری
که حیف است صد حیف این سروری

ਕਿ ਅਜਬ ਅਸਤ ਇਨਸਾਫ਼ੋ ਦੀਂ ਪਰਵਰੀ।
ਕਿ ਹੈਫ਼ ਅਸਤ ਸਦ ਹੈਫ਼ ਈਂ ਸਰਵਰੀ। ੬੪

कि अजब असत इन्साफो दीं परवरी।
कि हैफ़ असत सद हैफ़ ईं सरवरी।

KE AJAB AST INSAAF-O DEEN PARVARI
KE HEIF AST SAD HEIF EEN SARVARI

ਤੇਰਾ ਇਹ ਇਨਸਾਫ਼ ਤੇ ਤੇਰੀ ਇਹ ਧਰਮ-ਪਾਲਣਾ ਅਨੋਖੀ ਜਿਹੀ ਹੈ। ਤੇਰੀ ਇਸ ਸਰਦਾਰੀ ਉੱਤੇ ਅਫ਼ਸੋਸ ਹੈ, ਸੌ ਵਾਰੀ ਅਫ਼ਸੋਸ ਹੈ।

ਦੀਂ ਪਰਵਰੀ ....ਧਰਮ ਦੀ ਪਾਲਣਾ ਕਰਨ ਦਾ ਭਾਵ।
ਹੈਫ਼ ਸਦ ਹੈਫ਼ ... ਅਫ਼ਸੋਸ ਸੌ ਵਾਰੀ ਅਫ਼ਸੋਸ।
ਸਰਵਰੀ ..... ਸਰਦਾਰੀ।

That strange is your justice and strange are the ways you practice your religion. And your Lordship? What a pity that it is pitiable hundreds of times.



Scanned by CamScanner
Scanned by CamScanner

# ਜ਼ਫ਼ਰਨਾਮਾ

که عجب است عجب است تقواه شمان
بجز راستی سخن گفتن زبان

ਕਿ ਅਜਬਸਤ ਅਜਬਸਤ ਤਕਵਾ ਸ਼ੁਮਾਂ।
ਬਜੁਜ਼ ਰਾਸਤੀ ਸੁਖ਼ਨ ਗੁਫ਼ਤਨ ਜ਼ਯਾਂ। ੬੫

कि अजबसत अजबसत तकवा शुमां।
बजुज़ रासती सुख़न गुफ़तन ज़यां।

KE AJABAST AJABAST TAKWA SHUMA
BAJAZ RAASTI SUKHAN GUFTAN ZIYAAN

ਤੇਰੀ ਇਹ ਪਰਹੇਜ਼ਗਾਰੀ ਵੀ ਅਜੀਬ ਹੈ। (ਇਹ ਸਮਝ ਲੈ ਕਿ) ਸਚਿਆਈ ਤੋਂ ਉਲਟ ਹੋਰ ਗੱਲ ਕਰਨ ਵਿੱਚ ਨੁਕਸਾਨ ਹੀ ਨੁਕਸਾਨ ਹੈ।
ਤਕਵਾ ..... ਪਰਹੇਜ਼ਗਾਰੀ।
ਸ਼ੁਮਾ ...... ਤੁਹਾਡਾ।
ਬਜੁਜ਼ ਰਾਸਤੀ ... ਸਚਾਈ ਤੋਂ ਛੁੱਟ।
ਸੁਖ਼ਨ ਗੁਫ਼ਤਨ .... ਗੱਲ ਕਰਨਾ।

Strange are your religious proclamations. Speaking any thing [illegible] truth is to deceive one self.



Scanned by CamScanner
Scanned by CamScanner

# ਜ਼ਫ਼ਰਨਾਮਾ

مزن تیغ بر خون کس بے دریغ
ترا نیز خون چرخ ریزد بہ تیغ

ਮਜ਼ਨ ਤੇਗ਼ ਬਰ ਖ਼ੂਨਿ ਕਸ ਬੇ ਦਰੇਗ਼।
ਤੁਰਾ ਨੀਜ਼ ਖ਼ੂੰ ਚਰਖ਼ ਰੇਜ਼ਦ ਬ: ਤੇਗ਼। ੬੬

मज़न तेग़ बर ख़ून कस बे दरेग़।
तुरा नीज़ ख़ूँ चरख़ रेज़द ब: तेग।

M-ZAN TEG BAR KHOON KAS BE-DREG
TURA NEEZ KHOON CHARKH REZAAD B-TEG

ਤੂੰ ਕਿਸੇ ਉੱਤੇ ਬੇ-ਫਿਕਰ ਹੋ ਕੇ ਤਲਵਾਰ ਨਾ ਚਲਾ ਕਿਉਂਕਿ ਤੇਰਾ ਲਹੂ ਵੀ ਗ਼ੈਬੀ ਸ਼ਕਤੀ ਨੇ (ਕਾਲ ਦੀ) ਤੇਗ਼ ਨਾਲ਼ ਵਹਾਉਣਾ ਹੈ।

ਤੇਗ਼ ਮਜ਼ਨ .... ਤਲਵਾਰ ਵਾਹੁਣਾ।
ਬੇ-ਦਰੇਗ਼ ..... ਬਿਨਾ ਸੋਚੇ ਸਮਝੇ, ਅੰਨੇਵਾਹ।
ਚਰਖ਼ ..... ਅਸਮਾਨ।
ਖ਼ੂੰ ਚਰਖ਼ .... ਖ਼ੂਨ ਕਰਨਾ।

Stop shedding the blood of people without any reason. Remember, the heavenly sword will also fall upon for your blood.



Scanned by CamScanner
Scanned by CamScanner

ਜ਼ਫ਼ਰਨਾਮਾ

تو غافل مشو مرد یزداں شناس
کہ او بے نیاز است او بے سپاس

ਤੂ ਗ਼ਾਫ਼ਿਲ ਮਸ਼ੌ ਮਰਦ ਯਜ਼ਦਾਂ ਸ਼ਨਾਸ।
ਕਿ ਊ ਬੇ ਨਿਯਾਜ਼ ਅਸਤ ਊ ਬੇ ਸਿਪਾਸ। ੬੧

तू गाफ़िल मशौ मर्द यज़दां शनास।
कि ऊ बे नियाज़ असत ऊ बे सिपास।

TU GAAFAL M-SHOO MARD YAZDAAN SHANASH
KE O BE NIAAZ AAST O BE SAPAAS

ਹੇ ਔਰੰਗਜ਼ੇਬ! ਤੂੰ ਅਵੇਸਲਾ ਨਾ ਹੋ। ਪਰਮਾਤਮਾਂ ਦੀ ਪਛਾਣ ਕਰ। ਉਹ ਬੜਾ ਬੇਪਰਵਾਹ ਹੈ। ਉਸ ਨੂੰ ਕਿਸੇ ਖ਼ੁਸ਼ਾਮਦ ਦੀ ਲੋੜ ਨਹੀਂ।
ਬੇ ਨਿਆਜ਼ .... ਬੇ ਪਰਵਾਹ।
ਬੇ ਸਿਪਾਸ ..... ਖ਼ੁਸ਼ਾਮਦ ਰਹਿਤ।

Aurangzeb! Beware and have fear of Almighty for He is free from want and does not need any flattery.



Scanned by CamScanner
Scanned by CamScanner

# ਜ਼ਫ਼ਰਨਾਮਾ

که او بے محاب است شاہانِ شاہ
زمین و زمان سچّے پا تشاہ

ਕਿ ਊ ਬੇਮੁਹਾਬਾਸਤ ਸ਼ਾਹਾਨਿਸ਼ਾਹ।
ਜ਼ਮੀਨੋ ਜ਼ਮਾਂ ਸੱਚ; ਏ ਪਾਤਸ਼ਾਹ। ੯੮

कि ऊ बे मुहाबासत शाहिनिशाह ।
ज़मीनो ज़मां सच्च : ए पातिशाह ।

KE O BE MOHABAA-ST SHAHANE-SHAH
ZAMEENO ZAMAAN SACH-E PATSHAAH

ਉਹ ਪਰਮਾਤਮਾ ਬੜਾ ਨਿਰਭੈ ਹੈ ਤੇ ਅਰਸ਼ ਫਰਸ਼ ਦਾ ਵਾਲੀ ਸੱਚਾ ਪਾਤਸ਼ਾਹ ਹੈ।
ਬੇ-ਮੁਹਾਬ ... ਨਿਰਭੈ।
ਜ਼ਮੀਨੋ ਜ਼ਮਾਂ ... ਅਰਸ਼ ਫਰਸ (ਧਰਤੀ ਅਤੇ ਅਕਾਸ਼)

God free from fear. He is the emperor of the universe and true sovereign.



Scanned by CamScanner

Scanned by CamScanner

# ਜ਼ਫ਼ਰਨਾਮਾ

خداوند ایزد زمین و زمان
کننده است هر کس مکین و مکان

ਖ਼ਦਾਵੰਦਿ ਈਜ਼ਦ ਜ਼ਮੀਨੋ ਜ਼ਮਾਂ।
ਕੁਨਿੰਦ ਅਸਤ ਹਰ ਕਸ ਮਕੀਨੋ ਮਕਾਂ। ੬੯

ख़ुदावन्द ईज़द ज़मीनो ज़मां।
कुनिंद असत हर कस मकीनो मकां।

KHUDAVAND EIZAD ZAMIN-O ZAMAAN
KUNAND AST HAR KAS MAKIN-O MAKAAN

ਉਹ ਪ੍ਰਭੂ ਧਰਤੀ ਤੇ ਅਕਾਸ਼ ਦਾ ਮਾਲਿਕ ਹੈ। ਉਹ ਸਭ ਦਾ ਸਿਰਜਣਹਾਰ ਹੈ।

ਖ਼ੁਦਾਵੰਦ .... ਮਾਲਿਕ।
ਈਜ਼ਦ ..... ਵਾਹਿਗੁਰੂ।
ਜ਼ਮੀਨੋ ਜ਼ਮਾਂ .... ਧਰਤੀ ਤੇ ਅਕਾਸ਼।
ਕੁਨਿੰਦ .... ਕਰਤਾ, ਸਿਰਜਣਹਾਰ।

The Lord is the master of the universe. He is the creator of all men to whom ~~ke~~ He provides shelter.



Scanned by CamScanner
Scanned by CamScanner

هم از پِرِ مورو هم از پیلتن
که عاجز نوازست غافل شکن

ਹਮ ਅਜ਼ ਪੱਰਿ ਮੋਰ: ਹਮ ਅਜ਼ ਪੀਲਤਨ।
ਕਿ ਆਜਿਜ਼ ਨਵਾਜ਼ਸਤ ਗ਼ਾਫ਼ਿਲ ਸ਼ਿਕਨ। 70

हम अज़ परि मोर : हम अज़ पीलतन।
कि आजिज़ नवाज़सत ग़ाफ़िल शिकन।

HUM AZ PEER MOR-O HUM AZ PEELTAN
KE AAJIZ NAWAAZ AST GAFIL SHIKAN

ਉਹ ਕੀੜੀ ਤੋਂ ਲੈ ਕੇ ਹਾਥੀ ਤੱਕ ਦੀ ਪਾਲਣਾ ਕਰਦਾ ਹੈ। ਉਹ ਨਿਤਾਣਿਆਂ ਦਾ ਤਾਣ ਅਤੇ ਗ਼ਾਫ਼ਲਾਂ ਨੂੰ ਨਸ਼ਟ ਕਰਨ ਵਾਲਾ ਹੈ।

ਪੱਰਿ ਮੋਰ ...... ਕੀੜੀ ਦਾ ਖੰਭ (ਭਾਵ ਨਿੱਕੇ ਤੋਂ ਨਿੱਕਾ)
ਪੀਲਤਨ .... ਹਾਥੀ ਦੇ ਅਕਾਰ ਵਾਲ਼ਾ, ਭਾਵ ਬਹੁਤ ਵੱਡਾ।
ਆਜਿਜ਼ ਨਿਵਾਜ਼ ... ਨਿਤਾਣਿਆਂ ਨੂੰ ਨਿਵਾਜਣ ਵਾਲ਼ਾ।
ਗ਼ਾਫ਼ਿਲ ....... ਰੱਬ ਦੇ ਨਾਂ ਤੋਂ ਅਣਗਹਿਲੀ ਕਰਨ ਵਾਲ਼ਾ।

*He is the creator of all beings from small ants to huge elephants. He is protector of the meek and destroyer of the non-believers.*



Scanned by CamScanner
Scanned by CamScanner

که او را چو اسم است عاجز نواز
که او بے سپاس است او بے نیاز

ਕਿ ਊ ਰਾ ਚੂ ਇਸਮਸਤ ਆਜਿਜ਼ ਨਵਾਜ਼ ।
ਕਿ ਊ ਬੇ-ਸਿਪਾਸ ਅਸਤ ਊ ਬੇ-ਨਿਆਜ਼ । 71

कि ऊ रा चू इसमसत आजिज़ नवाज़ ।
कि ऊ बे सिपास असत ऊ बे नियाज़ ।

KE O RA CHU ISM AST AAJIZ NAWAAZ
KI O BE-SPAAS AST O BE NE-AAZ

ਉਸ ਦਾ ਨਾਂ ਗ਼ਰੀਬ ਨਿਵਾਜ਼ ਹੈ। ਉਸ ਨੂੰ ਕਿਸੇ ਖ਼ੁਸ਼ਾਮਦ ਦੀ ਲੋੜ ਨਹੀਂ। ਉਹ ਬੜਾ ਬੇਪਰਵਾਹ ਹੈ।

ਊ ਰਾ ..... ਉਸ ਦਾ ।
ਇਸਮ ... ਨਾਂ
ਆਜਿਜ਼ ਨਵਾਜ਼ ... ਗ਼ਰੀਬ ਨਿਵਾਜ਼, ਦੀਨ ਬੰਧੂ ।
ਬੇ-ਸਿਪਾਸ ... ਜਿਸ ਨੂੰ ਖ਼ੁਸ਼ਾਮਦ ਦੀ ਲੋੜ ਨਹੀਂ।

His very name means "Protector of the meek." He does not need any self-praise from any quarter nor does He need any material things.



Scanned by CamScanner
Scanned by CamScanner

که او بے نگوں است او بے چگوں
که او رہنما ہست او رہنموں

ਕਿ ਊ ਬੇਨਿਗੂੰ ਅਸਤ ਊ ਬੇ ਚਿਗੂੰ ।
ਕਿ ਊ ਰਹਨੁਮਾ ਹਸਤ ਊ ਰਹਨਮੂੰ । ੭੨

कि ऊ बेनिगूँ असत ऊ बे चिगूँ ।
कि ऊ रहनुमा हसत ऊ रहनमूँ ।

KE O BE-NAGOON AST O BE-CHAGOON
KE O REH-NUMA AST O REH-NAMOON

ਉਸ ਪਰਮਾਤਮਾ ਨੂੰ ਕੋਈ ਅਧੀਨ ਨਹੀਂ ਕਰ ਸਕਦਾ ਅਤੇ ਨਾ ਹੀ ਕੋਈ ਉਸ ਵਰਗਾ ਹੈ ਹੀ, ਉਹ ਸਭ ਨੂੰ ਸਿੱਧੇ ਰਸਤੇ ਪਾਉਣ ਵਾਲ਼ਾ ਹੈ ।

ਬੇ-ਨਿਗੂੰ ..... ਅਧੀਨ ਨਾ ਹੋਣ ਵਾਲ਼ਾ ।
ਬੇ-ਚਿਗੂੰ ..... ਬੇ-ਮਿਸਾਲ, ਅਦੁਤੀ ।
ਰਹਨਮੂੰ ...... ਰਸਤਾ ਵਿਖਾਉਣ ਵਾਲ਼ਾ ।

He is without any shape or colour or any form. He is the guide who leads.



Scanned by CamScanner
Scanned by CamScanner

## ਜ਼ਫ਼ਰਨਾਮਾ

کہ بر سر ترا فرض قسم قران
بگفتہ شما کار خوبی رسان

ਕਿ ਬਰ ਸਰ ਤੁਰਾ ਫ਼ਰਜ਼ ਕਸਮਿ ਕੁਰਾਂ।
ਬਗੁਫ਼ਤ: ਸ਼ੁਮਾ ਕਾਰ ਖ਼ੂਬੀ ਰਸਾਂ। ੭੩

कि बर सर तुरा फ़र्ज कसमि कुरां ।
ब गुफ्त : शुमा कार ख़ूबी रसां।

KE BAR SAR TURA FARZ KASM-E KURAN
B-GUFTEH SHUMA KAR KHOOBI RASAAN

ਤੇਰੇ ਉੱਤੇ ਕੁਰਾਨ ਦੀ ਕਸਮ ਦਾ ਫ਼ਰਜ਼ (ਲਾਗੂ) ਹੈ, ਆਪਣੇ ਆਖੇ ਹੋਏ ਕੰਮ ਨੂੰ ਭਲੀ ਪਰਕਾਰ ਲਾਗੂ ਕਰ।

ਬਰ ਸਰ ..... ਸਿਰ ਉੱਤੇ।
ਬਗੁਫ਼ਤ ..... ਕਿਹਾ ਹੋਇਆ, ਆਖਿਆ ਹੋਇਆ।
ਸ਼ੁਮਾ ....... ਤੁਹਾਡੇ, ਆਪਣੇ।

You have the burden of the Koran's Oath on you head. You should now fulfil all that you said earlier in a befitting manner.



Scanned by CamScanner
Scanned by CamScanner

# ਜ਼ਫ਼ਰਨਾਮਾ

بیاید تو دانش پرستی کُنی
بکارِ شما چیره دستی کُنی

ਬਿਬਾਯਦ ਤੂ ਦਾਨਿਸ਼ ਪ੍ਰਸਤੀ ਕੁਨੀ।
ਬਕਾਰੇ ਸ਼ੁਮਾ ਚੀਰ: ਦਸਤੀ ਕੁਨੀ। ੭੪

बिबायद तू दानिश प्रसती कुनी।
बकारे शुमा चीर: दसती कुनी।

B- BAAYAD TU DANISH PRASTI KUNI
B-KAR-E SHUMA CHEEREH DASTI KUNI

ਤੈਨੂੰ ਚਾਹੀਦਾ ਹੈ ਕਿ ਤੂੰ ਸਿਆਣਪ ਤੋਂ ਕੰਮ ਲਵੇਂ ਤੇ ਆਪਣੇ ਕੰਮ ਨੂੰ ਪੂਰੀ ਤਕੜਾਈ ਨਾਲ਼ ਕਰੇਂ।

ਦਾਨਿਸ਼ ਪ੍ਰਸਤੀ .... ਸਿਆਣਪ, ਅਕਲਮੰਦੀ।
ਚੀਰ: ਦਸਤੀ .... ਸਖ਼ਤੀ, ਤਕੜਾਈ।

You should (at this time) show wisdom and handle the job taken by you skilfully (to visit my place for discussions)



Scanned by CamScanner
Scanned by CamScanner

چها شد که چون بچگان کشته چار
که باقی بماندست پیچیده مار

ਚਿਹਾ ਸ਼ੁਦ ਕਿ ਚੂੰ ਬੱਚਗਾਂ ਕੁਸ਼ਤ: ਚਾਰ ।
ਕਿ ਬਾਕੀ ਬਮਾਂਦਸਤ ਪੇਚੀਦ : ਮਾਰ । ੭੫

चिहा शुद कि चूं बच्चगां कुश्तः चार।
कि बाकी बमांदसत पेचीद : मार ।

CHIHA SHUD KI CHUN BACHGAN KUSHTEH CHAR
KI BAKI B-MAAND AST PECHIDA MAAR

ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰੇ ਗਏ । ਅਜੇ ਤਾਂ ਕੁੰਡਲੀਦਾਰ ਭੁਜੰਗੀ (ਭਾਵ ਖਾਲਸਾ) ਬਾਕੀ ਹੈ।

ਚਿਹਾ ਸ਼ੁਦ .... ਕੀ ਹੋਇਆ ?
ਬਚਗਾਂ ...... ਬੱਚੇ ।
ਮਾਂਦਨ ....... ਰਹਿਣਾ ।
ਪੇਚੀਦ : ਮਾਰ .... ਕੁੰਡਲੀਦਾਰ ਨਾਗ।

*What happened that you have killed four children (my sons), the coiled snake (in the form of my Khalsa) still remains.*



Scanned by CamScanner

Scanned by CamScanner

چہ مردی کہ اخگر خموشاں کُنی
کہ آتش دماں را فروزاہ کُنی

ਚਿ ਮਰਦੀ ਕਿ ਅਖ਼ਗਰ ਖ਼ਮੋਸ਼ਾ ਕੁਨੀ ।
ਕਿ ਆਤਿਸ਼ ਦਮਾਂ ਰਾ ਫ਼ਰੋਜ਼ਾਂ : ਕੁਨੀ । ੧੬

चि मर्दी कि अख़गार ख़ामोशा कुनी ।
कि आतिश दमां रा फ़रोज़ां: कुनी ।

CHEH MARDI KI AKHGAR KHAMOSHAN KUNI
KI AATISH DAMAN RA FAROZAN KUNI

ਚੰਗਿਆੜਿਆਂ ਨੂੰ ਬੁਝਾਉਣ ਵਿੱਚ ਤੇਰੀ ਕੀ ਬਹਾਦਰੀ ਹੈ ਜਦ ਕਿ ਤੂੰ ਇੱਕ ਪਰਚੰਡ ਜਵਾਲਾ ਨੂੰ ਹੋਰ ਭੜਕਾ ਰਿਹਾ ਹੈਂ ।

ਮਰਦੀ ...... ਬਹਾਦਰੀ ।
ਅਖ਼ਗਰ ..... ਚੰਗਿਆੜਾ ।
ਖ਼ਾਮੋਸ਼ਾ ..... ਸ਼ਾਂਤ, ਬੁਝੀ ਹੋਈ ।
ਆਤਿਸ਼ ਦਮਾ .... ਪਰਚੰਡ ਅਗਨੀ ।
ਫ਼ਰੋਜ਼ਾਂ ..... ਭੜਕਵੀਂ ।

What manliness you have shown by extinguishing a few sparks (Sahibzadas). You have made the conflagration brighter and more furious.



Scanned by CamScanner

Scanned by CamScanner

چہ خوش گفت فردوسیٔ خوش زباں
شتابی بود کارِ آہرمناں

ਚਿ ਖ਼ੁਸ਼ ਗੁਫ਼ਤ ਫ਼ਿਰਦੌਸਿਏ ਖ਼ੁਸ ਜ਼ੁਬਾਂ।
ਸ਼ਿਤਾਬੀ ਬਵਦ ਕਾਰਿ ਆਹਰਮਨਾਂ। ੭੭

चि खुश गुफत फिरदौसिए खुश ज़ुबां।
शिताबी बवद कारि आहरमनां।

CHE KHUSH GUFT FIRDOSI-E-KHUSH ZABAN
SHITAABI BAWAD KAR AHRIMAN-AN

ਮਨੋਹਰ ਬੋਲਾਂ ਵਾਲੇ ਫ਼ਿਰਦੌਸੀ ਕਵੀ ਨੇ ਕਿੰਨਾ ਚੰਗਾ ਆਖਿਆ ਹੈ ਕਿ ਕਾਹਲ਼ੀ ਕਰਨਾ ਸ਼ੈਤਾਨ ਦਾ ਕੰਮ ਹੈ।

ਖ਼ੁਸ਼-ਜ਼ੁਬਾਂ ..... ਚੰਗਾ ਕਹਿਣ ਵਾਲ਼ਾ।
ਫ਼ਿਰਦੌਸੀ ...... ਫ਼ਾਰਸੀ ਦਾ ਇੱਕ ਪ੍ਰਸਿੱਧ ਕਵੀ ਜਿਸ ਨੇ ਸੁਲਤਾਨ ਮਹਿਮੂਦ ਗ਼ਜ਼ਨਵੀ ਦੀ ਸ਼ਾਨ ਵਿੱਚ ਸ਼ਾਹਨਾਮਾ ਲਿਖਿਆ ਸੀ।
ਸ਼ਿਤਾਬੀ ....... ਕਾਹਲ਼ੀ।
ਆਹਰਮਨ ..... ਸ਼ੈਤਾਨ।

*How nicely the sweet-tongued Poet Findosi has said that "To act in haste is the work of a devil."*



Scanned by CamScanner

Scanned by CamScanner

کہ ما بارگہ حضرت آئید شما
ازاں روز باشید شاہد شما

ਕਿ ਮਾ ਬਾਰਗਹਿ ਹਜ਼ਰਤ ਆਯਦ ਸ਼ੁਮਾ
ਅਜ਼ਾਂ ਰੋਜ਼ ਬਾਸ਼ੇਦ ਸ਼ਾਹਿਦ ਸ਼ੁਮਾ। ੭੮

कि मा बारगहि हज़रत्त आयद शुमा
अज़ां रोज़ बाशेद शाहिद शुमा।

KE MAA BARGAH-E HAZRAT AAYAD SHUMA
AZAAN ROZ-E-BAASHED SHAAHED SHUMA

ਜਦ ਕਦੀ ਤੁਸੀਂ ਸਾਡੇ ਪਾਸ ਆਓ, ਉਸੇ ਦਿਨ ਤੋਂ ਤੁਸੀਂ ਆਪਣੇ ਗਵਾਹ ਆਪ ਬਣ ਜਾਓਗੇ। ਭਾਵ ਤੁਹਾਨੂੰ ਸਚਾਈ ਪ੍ਰਤੱਖ ਹੋ ਜਾਵੇਗੀ।

ਬਾਰਗਹਿ ...... ਦਰਬਾਰ।
ਸ਼ਾਹਿਦ ..... ਗਵਾਹ।
ਸ਼ੁਮਾ ...... ਤੁਸੀਂ।

*When I meet you in the court of your Lord, you will appear as a witness there (and answer all the crimes committed by you.)*



Scanned by CamScanner

Scanned by CamScanner

اگر کار ایں بر تو بستی کمر
خُداوند باشد ترا بہرہ ور

ਅਗਰ ਕਾਰ ਈਂ ਬਰ ਤੂ ਬਸਤੀ ਕਮਰ ।
ਖ਼ੁਦਾਵੰਦ ਬਾਸ਼ਦ ਤੁਰਾ ਬਹਰ: ਵਰ । ੧੯

अगर कार ईं बर तू बसती कमर।
खुदावंद बाशद तुरा बहर: वर।

AGAR KAR EEN BAR TU BASTI KAMAR
KHUDAAVAND BASHED TURA BEHRA-VAR

ਜੇ ਤੂੰ ਸੱਚ ਦੀ ਓਟ ਲੈ ਕੇ ਇਸ ਨੇਕ ਕੰਮ ਲਈ ਲੱਕ ਬੰਨ੍ਹ ਲਵੇਂ ਤਾਂ ਪ੍ਰਮਾਤਮਾ ਤੈਨੂੰ ਇਸ ਦਾ ਨੇਕ ਫ਼ਲ ਦੇਵੇਗਾ।

ਕਮਰ ਬਰ ਬਸਤਨ ..... ਕਮਰ ਕੱਸਾ ਕਰਨਾ, ਲੱਕ ਬੰਨ੍ਹਣਾ।

ਬਹਰ : ਵਰ ........ ਲਾਭ ਪਹੁੰਚਾਉਣ ਵਾਲ਼ਾ।

If you get ready to fulfil this job (and come here), God will grant you prosperity.



Scanned by CamScanner
Scanned by CamScanner

وگرنہ تو ایں را فرامُش کند
تُرا ہم فراموش یزداں کند

ਵਗਰਨਾ ਤੂ ਈਂ ਰਾ ਫ਼ਰਾਮੁਸ਼ ਕੁਨਦ।
ਤੁਰਾ ਹਮ ਫ਼ਰਾਮੋਸ਼ ਯਜ਼ਦਾਂ ਕੁਨਦ। ੮੦

वगरना तू ईं रा फ़रामुश कुन्द।
तुरा हम फ़रामोश यज़दां कुन्द।

VAGARNAA TU EEN RA FRAMUSH KUND
TURA HAM FARAMOSH YAZDAAN KUND

ਜੇ ਤੂੰ ਇਹ ਗੱਲ ਭੁਲਾ ਦੇਵੇਂਗਾ ਤਾਂ ਵਾਹਿਗੁਰੂ ਤੈਨੂੰ ਵੀ ਭੁਲਾ ਦੇਵੇਗਾ, ਅਰਥਾਤ ਉਸ ਦੀ ਕਿਰਪਾ ਤੋਂ ਤੂੰ ਵੀ ਵਾਂਞਿਆਂ ਰਹਿ ਜਾਵੇਂਗਾ।

ਵਗਰ .... ਅਤੇ, ਜੇ ।
ਫ਼ਰਾਮੁਸ਼ ... ਭੁੱਲਣ ਦਾ ਭਾਵ।
ਯਜ਼ਦਾਂ .... ਪਰਮੇਸ਼ਰ।

Now if you overlook this task (ie to fulfil the word given by you of meeting me), the Lord Himself will also overlook you.



Scanned by CamScanner

Scanned by CamScanner

# ਜ਼ਫ਼ਰਨਾਮਾ

کہ ایں کارِ نیک است و دیں پروری
چو یزداں شناسی بجاں برتری

ਕਿ ਈਂ ਕਾਰਿ ਨੇਕ ਅਸਤੋ ਦੀਂ ਪਰਵਰੀ।
ਚੂ ਯਜ਼ਦਾਂ ਸ਼ਨਾਸੀ ਬਜਾਂ ਬਰਤਰੀ। ੮੧

कि ईं कारि नेक असतो दीं परवरी
चू यज़दां शनासी बजां बरतरी।

KE EEN KAR NEK AST DEEN PARVARI
CHU YAZDAAN SHANAASI B-JAAN BARTARI

ਸਚਿਆਈ 'ਤੇ ਚੱਲਣਾ ਨੇਕੀ ਅਤੇ ਧਰਮ ਦਾ ਕੰਮ ਹੈ। ਜੇ ਤੂੰ ਰੱਬ ਨੂੰ ਪਛਾਣੇਂ ਤਾਂ ਤੂੰ ਇਸ ਤੋਂ ਵੀ ਵਧੇਰੇ ਸ਼ਰੇਸ਼ਟ ਹੋਵੇਂ।

ਦੀਂ ਪਰਵਰੀ ...... ਧਰਮ ਪਾਲਣ ਦਾ ਕੰਮ।
ਬਰਤਰੀ ........ ਤੂੰ ਸ਼ਰੇਸ਼ਟ। ਵਧੀਆ।

*Aurangzeb! This good act on your part will be like worshipping of the Lord; an act which is superior to life itself.*



Scanned by CamScanner
Scanned by CamScanner

ترا من ندانم کہ یزداں شناس
برآمد ز تو کارہا دلخراش

ਤੁਰਾ ਮਨ ਨਦਾਨਮ ਕਿ ਯਜ਼ਦਾਂ-ਸ਼ਨਾਸ।
ਬਰ ਆਮਦ ਜ਼ਿ ਤੂ ਕਾਰਹਾ ਦਿਲ-ਖ਼ਰਾਸ਼।੮੨

तुरा मन नदानम कि यज़दां-शनास।
बर आमद ज़ि तू कारहा दिल-खराश।

TURA MAN NADAANAM KE YAZDAAN SHANAAS
BAR-AAMD Z TU KAR-HA DIL KHARAASH

ਮੈਂ ਇਹ ਨਹੀਂ ਮੰਨਦਾ ਕਿ ਤੂੰ ਖ਼ੁਦਾ ਨੂੰ ਪਛਾਨਣ ਵਾਲ਼ਾ ਹੈਂ, ਕਿਉਂ ਜੋ ਤੇਰੇ ਤੋਂ ਅਨੇਕਾਂ ਦਿਲ ਦੁਖਾਉਣ ਵਾਲ਼ੇ ਕੰਮ ਹੋਏ ਹਨ।

ਯਜ਼ਦਾਂ-ਸ਼ਨਾਸ .... ਰੱਬ ਨੂੰ ਪਛਾਣਨ ਵਾਲ਼ਾ।
ਦਿਲ-ਖ਼ਰਾਸ਼ ...... ਦਿਲ ਨੂੰ ਛਿੱਲਣ ਵਾਲ਼ਾ।
ਦੁੱਖਦਾਈ।

I do not know if you have any awareness about the Lord since you have performed too many acts that were tyrannical.



Scanned by CamScanner
Scanned by CamScanner

## ਜ਼ਫ਼ਰਨਾਮਾ

نشناسد ہمیں تو نہ یزداں کریم
نخواہد ہمیں تو بدولت عظیم

ਸ਼ਨਾਸਦ ਹਮੀਂ ਤੂ ਨਾ ਯਜ਼ਦਾਂ ਕਰੀਮ।
ਨ ਖ਼੍ਵਾਹਦ ਹਮੀਂ ਤੂ ਬਦੌਲਤ ਅਜ਼ੀਮ। ੮੩

श्नासद हमीं तू ना यज़दां करीम।
न खवाहद हमीं तू बदौलत अज़ीम।

SHANAASID HAM-EEN TU NA YAZDAAN KARIM
NA-KHAWAHAD HAMEEN TU B-DAULAT AZEEM

ਕ੍ਰਿਪਾਲੂ ਪਰਮੇਸ਼ਰ ਤੈਨੂੰ ਨਹੀਂ ਪਛਾਣਦਾ, ਤੇਰੀ ਵੱਡੀ ਦੌਲਤ ਤੇ ਪਾਤਸ਼ਾਹੀ ਦੇ ਬਾਵਜੂਦ ਵੀ ਉਹ ਤੈਨੂੰ ਨਹੀਂ ਚਾਹੁੰਦਾ।

ਕਰੀਮ ..... ਕ੍ਰਿਪਾਲੂ।
ਅਜ਼ੀਮ ..... ਵੱਡਾ।

The bountiful Lord does not recognise you. He even does not want you with all your wealth and riches.



Scanned by CamScanner
Scanned by CamScanner

اگر صد قرآں را بخوردی قسم
مرا اعتبارے نہ ایں ذرہ دم

ਅਗਰ ਸਦ ਕੁਰਾਨ ਰਾ ਬਖ਼ੁਰਦੀ ਕਸਮ।
ਮਰਾ ਇਿਅਤਬਾਰੇ ਨ ਈਂ ਜ਼ਰਹ ਦਮ। ੮੪

अगर सद कुरां रा बख़ुरदी कसम।
मरा इअतबारे न ईं ज़रह दम।

AGAR SAD KURAN RA BA-KHORDI KASAM
MARA EITBAAR-E NA EEN ZARRA DAM

ਜੇ ਤੂੰ ਕੁਰਾਨ ਸ਼ਰੀਫ਼ ਦੀਆਂ ਸੌ ਕਸਮਾਂ ਵੀ ਖਾਵੇਂ ਤਾਂ ਮੈਨੂੰ ਉਨ੍ਹਾਂ ਉੱਤੇ ਰਤਾ ਭਰ ਵੀ ਯਕੀਨ ਨਹੀਂ।

ਸਦ ...... ਸੌ
ਕਸਮ ਖ਼ੁਰਦਨ ...... ਸਹੁੰ ਖਾਣਾ।
ਜ਼ਰ : ਦਮ ...... ਭੋਰਾ ਭਰ।

*Now if you swear a hundred times on Koran, I will not trust you now even for a single moment.*



Scanned by CamScanner

Scanned by CamScanner

حضوری نہ آیم نہ ایں رہ شوم
اگر شہ بخواہد من آنجا روم

ਹਜ਼ੂਰੀ ਨ ਆਯਮ ਨ ਈਂ ਰਹ ਸ਼ਵਮ।
ਅਗਰ ਸ਼ਾਹ ਬ-ਖ਼੍ਾਹਦ ਮਨ ਆਂ ਜਾ ਰਵਮ।੮੫

हज़ूरी न आयम न ईं रह शवम।
अगर शाह ब-ख़वाहद मन आं जा रवम।

HAZOORI NI-AAYAM NA EEN RAH SHAWAM
AGAR SHAH B-KHAWAHAD MANN AAN JA RAWAM

ਨਾ ਮੈਂ ਤੇਰੇ ਕੋਲ਼ ਆਵਾਂਗਾ ਅਤੇ ਨਾ ਹੀ ਇਹ ਰਸਤਾ ਧਾਰਨ ਕਰਾਂਗਾ। ਜਿੱਥੇ ਸ਼ਹਿਨਸ਼ਾਹ ਪਰਮੇਸ਼ਰ ਨੇ ਚਾਹਿਆ ਮੈਂ ਉਥੇ ਜਾਵਾਂਗਾ।

ਹਜ਼ੂਰੀ ........ ਹਾਜ਼ਰ ਹੋਣ ਦਾ ਭਾਵ।
ਬ-ਖ਼੍ਾਹਦ ..... ਬੁਲਾਵੇ।
ਰਫ਼ਤਨ ......– ਜਾਣਾ।

I will not come to your court. Neither I will take the way (that leads to your court). I will not even go "there" as desired by you.



Scanned by CamScanner
Scanned by CamScanner

خوشش شاہِ شاہان اورنگ زیب
کہ چالاک دستور چابک رکیب

ਖ਼ੁਸ਼ਸ਼ ਸ਼ਾਹਿ ਸ਼ਾਹਾਨ ਔਰੰਗਜ਼ੇਬ।
ਕਿ ਚਾਲਾਕ ਦਸਤੂਰ ਚਾਬੁਕ ਰਕੇਬ। ੮੬

ख़ुशश शाहि शाहान औरंगज़ेब।
कि चालाक दसतूर चाबुक रकेब।

KHUSH-ASH SHAH-E SHAHAAN AURANGZEB
KE CHALAAK DASTOOR CHABAK RAKEB

ਹੇ ਔਰੰਗਜ਼ੇਬ! ਤੂੰ ਸ਼ਾਹਾਂ ਦਾ ਸ਼ਾਹ ਤੇ ਭਗਵਾਨ ਹੈਂ ਅਤੇ ਪ੍ਰਬੰਧ ਵਿੱਚ ਹੁਸ਼ਿਆਰ ਤੇ ਸ਼ਾਹ ਸਵਾਰ ਵੀ ਹੈਂ।

ਖ਼ੁਸ਼ਸ਼ ...... ਭਗਵਾਨ।
ਚਾਬੁਕ ਰਕੇਬ :.... ਚੰਗਾ ਘੋੜ ਸਵਾਰ।

Aurangzeb is the King of Kings and very prosperous. He is a good swordsman and an agile horse rider.

ਸੰਕਲਨ ਯਾਠਰ ਸੰਧੂ ਔਜਲੀ (ਫਿਰੋਜ਼ਸ਼ਾਹ)



Scanned by CamScanner
Scanned by CamScanner

بہ ترتیب دانش بہ تدبیر تیغ
خداوند دیگو خداوند تیغ

ਬ: ਤਰਤੀਬ ਦਾਨਿਸ਼ ਬ ਤਦਬੀਰ ਤੇਗ਼ ।
ਖ਼ੁਦਾਵੰਦੇ ਦੇਗੋ ਖ਼ੁਦਾਵੰਦੇ ਤੇਗ਼ । ੮੭

ब तरतीब दानिश्न ब तदबीर तेग़।
ख़ुदावंदे देगो ख़ुदावंदे तेग़।

B-TARTEEB DAANISH B-TADBEER TEG
KHUDAVAND DEG-O KHUDAVAND TEG

(ਭਾਵੇਂ)

ਤੂੰ ਆਪਣੀ ਸਿਆਣਪ ਦੇ ਢੰਗ ਨਾਲ਼ ਅਤੇ ਤਲਵਾਰ ਦੇ ਜ਼ੋਰ ਨਾਲ਼ ਦੇਗ਼ ਅਤੇ ਤੇਗ਼ ਦਾ ਧਨੀ ਹੈਂ।

ਤਦਬੀਰ ....... ਪ੍ਰਬੰਧ ।
ਖ਼ੁਦਾਵੰਦੇ ...... ਧਨੀ , ਮਾਲਕ।

Aurangzeb is wise and knowledgeable and is skilful wielder of the sword. He is the provider of all the necessities of the people and lords over the world with his military might.



Scanned by CamScanner

Scanned by CamScanner

که حسن الجمال است و روشن ضمیر
خداوند ملک است صاحب امیر

ਕਿ ਹੁਸਨੁਲਜਮਾਲ ਅਸਤੋ ਰੋਸ਼ਨ ਜ਼ਮੀਰ।
ਖ਼ੁਦਾਵੰਦ ਮੁਲਕ ਅਸਤ ਸਾਹਿਬ ਅਮੀਰ।੮੮

कि हुसनुलजमाल असतो रौशन ज़मीर।
खुदा वंद मुलक असत साहिब आमीर।

KE HUSN-AL JAMAAL AST-O ROSHAN ZAMEER
KHUDAVAND MULK AST SAHIB AMEER

ਹੇ ਔਰੰਗਜ਼ੇਬ! ਤੂੰ ਸੋਹਣਾ, ਸੁੰਦਰ ਤੇ ਸਿਆਣਾ ਵੀ ਹੈਂ। ਤੂੰ ਮੁਲਕ ਦਾ ਬਾਦਸ਼ਾਹ ਅਤੇ ਹਾਕਮਾਂ ਦਾ ਸਰਦਾਰ ਵੀ ਹੈਂ।

ਹੁਸਨੁਲ ਜਮਾਲ ..... ਸੋਹਣੀ ਸ਼ਕਲ ਵਾਲ਼ਾ।
ਰੌਸ਼ਨ ਜ਼ਮੀਰ ..... ਸੂਝਵਾਨ, ਸਿਆਣਾ।

*Aurangzeb is beauty personified. He is bright minded and he is the lord of his kingdom.*



Scanned by CamScanner

Scanned by CamScanner

# ਜ਼ਫ਼ਰਨਾਮਾ

که روشن ضمیر است و حسن الجمال
خداوند بخشندهٔ ملک و مال

ਕਿ ਰੌਸ਼ਨ ਜ਼ਮੀਰ ਅਸਤੋ ਹੁਸਨੁਲ ਜਮਾਲ।
ਖ਼ੁਦਾਵੰਦ ਬਖ਼ਸ਼ਿੰਦ: ਏ ਮੁਲਕੋ ਮਾਲ। ੮੯

कि रौशन ज़मीर असतो हुसनुल जमाल।
ख़ुदावंद बख़शिंद :ए मुलको माल।

KE ROSHAN ZAMEER AST O HUSN AL-JAMAAL
KHUDVAND BAKHSHINDEH-E MULK-O MAAL

ਬਖ਼ਸ਼ਿੰਦ .......... ਬਖਸ਼ਣਹਾਰ

ਚਾਹੇ ਤੂੰ ਸਿਆਣਾ ਤੇ ਸੁੰਦਰ ਵੀ ਹੈਂ। ਤੂੰ ਮਾਲਕ ਹੈਂ ਅਤੇ ਮਾਲ ਦੌਲਤ ਦਾ ਬਖ਼ਸ਼ਣ ਵਾਲ਼ਾ ਵੀ ਹੈਂ।

ਖ਼ੁਦਾਵੰਦ ---- ਮਾਲਕ।
ਬਖ਼ਸ਼ਿੰਦ ----- ਬਖ਼ਸ਼ਣਹਾਰ।

Aurangzeb is handsome and passesses a brilliant mind. He is bountiful in distributing the riches of his Kingdom.



Scanned by CamScanner
Scanned by CamScanner

به بخشش کبیر است و در جنگ کوه
ملائک صفت چوں ثریا شکوه

ਬ: ਬਖ਼ਸ਼ਿਸ਼ ਕਬੀਰ ਅਸਤੋ ਦਰ ਜੰਗ ਕੋਹ।
ਮਲਾਇਕ ਸਿਫ਼ਤ ਚੂੰ ਸੁਰੱਯਾ ਸ਼ਿਕੋਹ। ੯੦

ब: बख़शिश कबीर असतो दर जंग कोह।
मलायक सिफ़त चूँ सुर्‍या शिकोह।

BE BAKSHASH KABIR AST O DAR JANG KOH
MALAAYAK SIFT CHUN SUR-RAYAA SHAKOH.

ਚਾਹੇ ਤੂੰ ਬਖ਼ਸ਼ਿਸ਼ ਕਰਨ (ਦਾਨ) ਵਿੱਚ ਵੱਡਾ ਹੈਂ ਤੇ ਜੰਗ ਵਿੱਚ ਪਹਾੜ ਵਾਂਗ ਅਡੋਲ ਰਹਿਣ ਵਾਲ਼ਾ ਹੈਂ। ਤੂੰ ਫ਼ਰਿਸ਼ਤਿਆਂ ਦੇ ਗੁਣਾਂ ਵਾਲ਼ਾ ਤੇ ਉੱਚੀ ਸ਼ਾਨ ਵਾਲ਼ਾ ਹੈਂ।

ਕਬੀਰ ........ ਵੱਡਾ
ਮਲਾਇਕ ਸਿਫ਼ਤ ...... ਫ਼ਰਿਸ਼ਤਿਆਂ ਵਰਗਾ।

Aurangzeb's magnificence is great. In war he is like a mountain. He has the attributes of angels and his splendour matches the pleiddes ("seven sisters" in the constellation Taurus).



Scanned by CamScanner
Scanned by CamScanner

شہنشاہ اورنگزیب عالمی
کہ دارائے دور است و دور است دین

ਸ਼ਹਨਸ਼ਾਹਿ ਔਰੰਗਜ਼ੇਬ ਆਲਮੀ ।
ਕਿ ਦਾਰਾਇ ਦੌਰ ਅਸਤੁ ਦੂਰ ਅਸਤ ਦੀਂ। ੯੧

शहनशाहि औरंगज़ेब आलमी ।
कि दाराए दौर असतु दूर असत दीं।

SHEHAN-SHAHE AURANGZEB AALMEEN
KE DARA-E-DAUR AST DOOR AST DEEN

(ਪਰ) ਹੇ ਔਰੰਗਜ਼ੇਬ! ਭਾਵੇਂ ਤੂੰ ਦੁਨੀਆਂ ਦਾ ਸ਼ਹਿਨਸ਼ਾਹ ਤੇ ਸਮੇਂ ਦਾ ਹਾਕਮ ਵੀ ਹੈਂ, ਪਰ ਤੂੰ ਸੱਚੇ ਧਰਮ ਤੋਂ ਬਹੁਤ ਦੂਰ ਹੈਂ।

ਸ਼ਾਹਿਨਸ਼ਾਹਿ ਆਲਮੀ ......ਦੁਨੀਆਂ ਦਾ ਬਾਦਸ਼ਾਹ।
ਦਾਰਾਇ ਦੌਰ ............ ਸਮੇਂ ਦਾ ਹਾਕਮ।
ਦੀਂ ..................ਧਰਮ, ਦੀਨ।

Aurangzab is the King of Kings. He is the lord of the world and has all the [illegible]. But he is far from the teachings of [illegible] religion.



Scanned by CamScanner

Scanned by CamScanner

منم کُشتہ آم کوہیاں بُت پرست
کہ آں بُت پرستند و من بُت شکست

ਮਨਮ ਕੁਸ਼ਤ: ਆਮ ਕੋਹਿਯਾਂ ਬੁੱਤ ਪ੍ਰਸਤ।
ਕਿ ਆਂ ਬੁੱਤ ਪ੍ਰਸਤੰਦੋ ਮਨ ਬੁੱਤ-ਸ਼ਿਕਸਤ। ੯੨

मनम कुश्तः आम कोहियाँ बुत्त प्रसत।
कि आं बुत्त प्रसतन्दो मन बुत्त-शिकसत।

MANNAM KUSHTEH AM KOHI-YAN BUTT PRAST
KE AAN BUTT PRASTANDO MAN BUTT SHIKAST

ਮੈਂ ਬੁੱਤ-ਪ੍ਰਸਤ ਪਹਾੜੀ ਰਾਜਿਆਂ ਨੂੰ ਮਾਰ ਮੁਕਾਇਆ ਹੈ ਕਿਉਂ ਜੋ ਉਹ ਬੁੱਤਾਂ ਦੇ ਉਪਾਸ਼ਕ ਹਨ ਅਤੇ ਮੈਂ ਬੁੱਤਾਂ ਨੂੰ ਤੋੜਿਆ ਹੈ।

ਕੁਸ਼ਤਨ ...... ਮਾਰਨਾ, ਕਤਲ ਕਰਨਾ।
ਕੋਹਿਯਾਂ ....... ਕੋਹੀ ਦਾ ਬਹੁ ਵਚਨ ਅਰਥਾਤ ਪਹਾੜੀ ਰਾਜੇ।
ਬੁੱਤ ਪ੍ਰਸਤ ......... ਬੁੱਤਾਂ ਦੀ ਪੂਜਾ ਕਰਨ ਵਾਲਾ।

I am also the annihilator of the hill rajas, the idol worshippers. They are idol worshippers and I am engaged in [illegible]ng "the very concept" of idol worship.



Scanned by CamScanner
Scanned by CamScanner

ببیں گردشیں بے وفائے زماں
پسِ پُست افتد رساند زیاں

ਬਬੀਂ ਗਰਦਿਸ਼ੇ ਬੇ-ਵਫ਼ਾਏ ਜ਼ਮਾਂ।
ਪਸੇ ਪੁਸ਼ਤ ਉਫ਼ਤਦ ਰਸਾਨਦ ਜ਼ਿਆਂ। ੯੩

बबीं गारदिशे बे-वफ़ाए जमां ।
पसे पुसत ऊफ़तद रसानद ज़ियाँ ।

B-BEEN GARDISH-E BE-WAFAAI-E ZAMAAN
PAS-E PUST UFTAD RASAANAD ZIYAAN

ਤੂੰ ਇਸ ਬੇਵਫ਼ਾ ਜ਼ਮਾਨੇ ਦਾ ਚੱਕਰ ਤਾਂ ਦੇਖ, ਇਹ ਜਿਸ ਪਿੱਛੇ ਵੀ ਪੈ ਜਾਂਦਾ ਹੈ, ਉਸ ਨੂੰ ਨੁਕਸਾਨ ਪਹੁੰਚਾਉਂਦਾ ਹੈ।

ਬਬੀਂ ......... ਦੇਖ।
ਗਰਦਿਸ਼ ...... ਚੱਕਰ।
ਜ਼ਮਾਂ ...... ਸਮਾਂ।
ਪਸੇ ਪੁਸ਼ਤ ਉਫ਼ਤਾਦਨ .... ਪਿੱਛੇ ਸੁੱਟ ਦੇਹਾ ਭਾਵ ਪਰਵਾਹ ਨਾ ਕਰਨਾ।
ਜ਼ਿਆਂ ..... ਨੁਕਸਾਨ।

[illegible]k at the turn of unfaithful world. When it [illegible] itself after some one, it inflicts injury and does harm to him.



Scanned by CamScanner

Scanned by CamScanner

ببیں قدرت نیک یزدانِ پاک
کہ از یک بدہ لک رساند ہلاک

ਬਬੀਂ ਕੁਦਰਤੇ ਨੇਕ ਯਜ਼ਦਾਨਿ ਪਾਕ।
ਕਿ ਅਜ਼ ਯਕ ਬਦਹ ਲਕ ਰਸਾਨਦ ਹਲਾਕ।
੯੪

बबीं कुदरते नेक यज़दानि पाक।
कि अज़ यक बदह लक रसानद हलाक।

B-BEEN KUDRAT-E NEK YAZDAN-E PAAK
KE AZ YAK B-DEH-LAK RASAANAD HALAAK

ਤੂੰ ਉਸ ਪਵਿੱਤਰ ਪਰਮੇਸ਼ਰ ਦੀ ਅਨੋਖੀ ਸ਼ਕਤੀ ਨੂੰ ਵੇਖ ਜੋ ਇੱਕ ਇੱਕ ਆਦਮੀ ਤੋਂ ਲੱਖਾਂ ਨੂੰ ਮਰਵਾ ਦਿੰਦਾ ਹੈ।

ਬਬੀਂ ...... ਵੇਖ।
ਯਜ਼ਦਾਨ ..... ਪਰਮੇਸ਼ਰ।
ਬਦਹਲਕ ਰ.ਸਾਨੀਦਨ .... ਮਰਵਾ ਸੁੱਟਣਾ।

Look at the powerful and good Lord. His reach is such that He can get ten Lac annihilated by only one.



Scanned by CamScanner

Scanned by CamScanner

## ਜ਼ਫ਼ਰਨਾਮਾ

چہ دُشمن کند مہرباں است دوست

کہ بخشندگی کار بخشندہ اوست

ਚਿ ਦੁਸ਼ਮਨ ਕੁਨਦ ਮਿਹਰਬਾਂ ਅਸਤ ਦੋਸਤ।
ਕਿ ਬਖ਼ਸ਼ਿੰਦਗੀ ਕਾਰਿ ਬਖ਼ਸ਼ਿੰਦ: ਓਸਤ। ੯੫

चि दुश्मन कुनद मेहरबां असत दोस्त।
कि बख़शिंदगी कारि बखशिंदः ओसत।

CHE DUSHMAN KUND MEHARBAAN AST DOST
KE BAKSHINDAGI KAR BAKHSINDEH OST

ਜਦ ਦੋਸਤ (ਰੱਬ) ਮਿਹਰਬਾਨ ਹੋਵੇ ਤਾਂ ਦੁਸ਼ਮਣ ਕੀ ਕਰ ਸਕਦਾ ਹੈ? ਉਸ ਬਖ਼ਸ਼ਿੰਦ ਵਾਹਿਗੁਰੂ ਦਾ ਕੰਮ ਹੀ ਬਖ਼ਸ਼ਿਸ਼ ਕਰਨਾ ਹੈ।

ਬਖ਼ਸ਼ਿੰਦਗੀ ---- ਬਖ਼ਸ਼ਿਸ਼ ਦਾ ਭਾਵ।

ਬਖ਼ਸ਼ਿੰਦ ---- ਬਖਸ਼ਣਹਾਰ।

What can the enemy do when the Almighty Lord is kind? That He is generous and always forgiving.



Scanned by CamScanner

Scanned by CamScanner

رہائی دہو رہنمائی دہد
زباں را بہ صفت آشنائی دہد

ਰਿਹਾਈ ਦਿਹੋ ਰਹਨੁਮਾਈ ਦਿਹਦ ।
ਜ਼ੁਬਾਂ ਰਾ ਬਃ ਸਿਫ਼ਤ ਆਸ਼ਨਾਈ ਦਿਹਦ। ੯੬

रिहाई दिहो रहनुमाई दिहद।
ज़ुबां र बः सिफ़त आशनाई दिहद।

RAHAAI DEH-O REHNUMAAI DEHAD
ZABAAN RA B-SIFT AASHNAAI DEHAD

ਉਹ ਵਾਹਿਗੁਰੂ ਮੁਕਤੀ ਦਾਤਾ ਅਤੇ ਸੱਚਾ ਰਾਹ ਦਿਖਾਉਣ ਵਾਲ਼ਾ ਹੈ। ਉਸ ਦੀ ਪਵਿੱਤਰ ਜ਼ਾਤ ਹੀ ਲੋਕਾਂ ਦੀਆਂ ਰਸਨਾ ਨੂੰ ਸਿਫ਼ਤ ਸਲਾਹ ਅਤੇ ਗੁਣ ਗਾਇਣ ਵੱਲ ਪ੍ਰੇਰਦੀ ਹੈ।

ਰਿਹਾਈ ਦਿਹੋ ---- ਮੁਕਤੀ ਦਾਤਾ।
ਸਿਫ਼ਤ ------ ਉਸਤਤਿ ।
ਆਸ਼ਨਾਈ ...... ਵਾਕਫ਼ੀ, ਜਾਣਕਾਰੀ।

*He gives us guidance and delivers us from this world; He lets us sing praises for His benevolence showered up on us.*



Scanned by CamScanner
Scanned by CamScanner

خصم را چو کور او کند وقتِ کار
یتیماں بروں مے برد بے ازار

ਖ਼ਸਮ ਰਾ ਚੂ ਕੋਰ ਊ ਕੁਨਦ ਵਕਤਿ ਕਾਰ।
ਯਤੀਮਾਂ ਬਿਰੂੰ ਮੇ ਬੁਰਦ ਬੇ-ਅਜ਼ਾਰ। ੯੧

खसम र चु कोर ऊ कुनद वक्त कार।
यतीमां बिरुं मे बुर्द बे-अज़ार।

KHASAM RA CHU KOR-O KUND WAKT-E KAR
YATEEMAN BEROON ME BURD BE-AAZAR

ਉਹ ਪਰਮੇਸ਼ਰ ਦੁਸ਼ਮਣਾਂ ਨੂੰ ਮੌਕੇ ਤੇ ਅੰਨਿਆਂ ਕਰ ਦਿੰਦਾ ਹੈ ਤੇ ਅਨਾਥਾਂ ਨੂੰ ਬਿਨਾਂ ਕਿਸੇ ਕਸ਼ਟ ਦੇ ਕੱਢ ਕੇ ਲੈ ਜਾਂਦਾ ਹੈ।

ਕੋਰ ..... ਅੰਨਾ।
ਯਤੀਮ .... ਅਨਾਥ।
ਬੇ-ਅਜ਼ਾਰ ... ਬਿਨਾਂ ਕਿਸੇ ਦੁੱਖ ਦੇ।

In the time of need, He blinds the enemy and takes out the helpless without an injury to him even from a thorn.



Scanned by CamScanner

Scanned by CamScanner

# ਜ਼ਫ਼ਰਨਾਮਾ

هران کس کہ او راستبازی کند
رحیمے برو رحم سازی کند

ਹਰਾਂਕਸ ਕਿ ਓ ਰਾਸਤਬਾਜ਼ੀ ਕੁਨਦ।
ਰਹੀਮੇ ਬਰੋ ਰਹਮ ਸਾਜ਼ੀ ਕੁਨਦ। ੯੮

हरांकस कि ओ रासतबाज़ी कुनद।
रहीमे बरो रहम साज़ी कुनद।

HAR-AAN-KAS KE O RAST-BAAZI KUND
RAHIM-E BARO REHAM SAZI KUND

ਜਿਹੜਾ ਆਦਮੀ ਸਚਿਆਈ ਤੇ ਹੁੰਦਾ ਹੈ, ਕਿਰਪਾਲੂ ਵਾਹਿਗੁਰੂ ਉਸ ਉੱਤੇ ਬਖ਼ਸ਼ਿਸ਼ ਕਰਦਾ ਹੈ।

ਰਾਸਤ ਬਾਜ਼ੀ.................ਸੱਚ ਦਾ ਵਿਹਾਰ।
ਰਹੀਮ ..........................ਰਹਿਮ ਕਰਨ ਵਾਲ਼ਾ। ਰੱਬ।

The Compassionate Lord always showers mercy upon any person who follows the path of truthfulness.



Scanned by CamScanner
Scanned by CamScanner

کسے خدمت آید بسے قلب و جان
خداوند بخشید بر وے امان

ਕਸੇ ਖ਼ਿਦਮਤ ਆਯਦ ਬਸੇ ਕਲਬੋ ਜਾਂ।
ਖ਼ੁਦਾਵੰਦ ਬਖ਼ਸ਼ੀਦ ਬਰ ਵੈ ਅਮਾਂ। ੯੯

क़से खिदमत आयद बसे कलबो जां।
खुदावंद बखशीद बर वै अमां।

KAS-E KHIDMAT AAYAD BAS-E KALB-O JAAN
KHUDAVAND BAKHSHEED BAR-VE AMAAN

ਜੇ ਕੋਈ ਤਨੋ ਮਨੋ ਵਾਹਿਗੁਰੂ ਦੀ ਸ਼ਰਨ ਵਿੱਚ ਆ ਜਾਂਦਾ ਹੈ, ਉਹ ਉਸ ਨੂੰ ਆਪਣੀ ਰੱਖਿਆ ਵਿੱਚ ਲੈ ਲੈਂਦਾ ਹੈ।

ਖ਼ਿਦਮਤ ਆਯਦਨ ...... ਸ਼ਰਨ ਵਿੱਚ ਆਉਣਾ।
ਬਸੇ ............... ਬਹੁਤ।
ਕਲਬ ............. ਦਿਲ।
ਅਮਾਂ ........... ਪਨਾਹ, ਰੱਖਿਆ।

*Anyone who serves the Almighty with total devotion is blessed with peace and tranquillity.*



Scanned by CamScanner
Scanned by CamScanner

چہ دشمن بران حیلہ سازی کند
کہ بر وے خدا رحم سازی کند

ਚਿ ਦੁਸ਼ਮਨ ਬਰਾਂ ਹੀਲ: ਸਾਜ਼ੀ ਕੁਨਦ।
ਕਿ ਬਰ ਵੈ ਖ਼ੁਦਾ ਰਹਮਸਾਜ਼ੀ ਕੁਨਦ। ੧੦੦

चि दुश्मन बरां हील: साज़ी कुनद।
कि बर वै ख़ुदा रहमसाज़ी कुनंद।

CHE DUSHMAN BAR-AAN HEEL-EH SAAZI KUND
KE BAR-VE KHUDA REHAMSAAZI KUND

ਜਿਸ ਉੱਤੇ ਪਰਮੇਸ਼ਰ ਆਪ ਕਿਰਪਾ ਕਰੇ, ਉਸ ਨਾਲ਼ ਵੈਰੀ ਕੀ ਧੋਖਾ ਕਰ ਸਕਦਾ ਹੈ।

ਹੀਲ: ਸਾਜ਼ੀ ....... ਵਿਉਂਤ, ਧੋਖਾ।
ਬਰ ਵੈ ......... ਉਸ ਉੱਤੇ।

What deception can an enemy inflict on a person who is under the protection of Lord Himself.



Scanned by CamScanner
Scanned by CamScanner

اگر یک برآید دہو دہ ہزار
نگہبان او را شود کردگار

ਅਗਰ ਯਕ ਬਰਾਯਦ ਦਹੋ ਦਹ-ਹਜ਼ਾਰ।
ਨਿਗਹਬਾਨ ਊ ਰਾ ਸ਼ਵਦ ਕਿਰਦਗਾਰ। ੧੦੧

अगर यक बरायद दहो दह-हज़ार।
निगहबान ऊ रा शवद किरदगार।

AGAR YAK BARAAYAD DEH-O DEH HAZAR
NIGEH BAAN O RA SHAWAD KIRDGAAR

ਜੇ ਇਕੱਲੇ ਬੰਦੇ ਉੱਤੇ ਲੱਖਾਂ ਆਦਮੀ ਚੜ੍ਹ ਆਉਣ ਤਾਂ ਸਿਰਜਣਹਾਰ ਵਾਹਿਗੁਰੂ ਆਪ ਉਸਦਾ ਰਖਵਾਲਾ ਬਣਦਾ ਹੈ।

ਦਹੋ ਦਹ ਹਜ਼ਾਰ .......ਲੱਖਾਂ, ਅਨੇਕਾਂ।
ਨਿਗਹਬਾਨ .........ਰਾਖਾ।
ਕਿਰਦਗਾਰ .........ਸਿਰਜਣਹਾਰ।

If one lac strong enemy attacks a single loved one, the Lord protects and does not allow any harm to visit him.



Scanned by CamScanner
Scanned by CamScanner

ترا گر نظر ہست لشکر و زر
کہ مارا نگاہ است یزدان شکر

ਤੁਰਾ ਗਰ ਨਜ਼ਰ ਹਸਤ ਲਸ਼ਕਰ ਵ ਜ਼ਰ।
ਕਿ ਮਾਰਾ ਨਿਗਾਹ ਅਸਤ ਯਜ਼ਦਾਂ ਸ਼ੁਕਰ। ੧੦੨

तुरा गर नज़र हसत लशकर व ज़र।
कि मारा निगाह असत यज़दां शुकर।

TURA GAR NAZAR HAST LASHKAR V ZAR
KE MARA NIGEH AST YAZDAAN SHUKAR

ਜੇ ਤੇਰੀ ਨਜ਼ਰ ਆਪਣੀਆਂ ਫ਼ੌਜਾਂ ਤੇ ਦੌਲਤ ਖ਼ਜ਼ਾਨਿਆਂ ਉੱਤੇ ਹੈ ਤਾਂ ਸਾਡੀ ਨਿਗਾਹ ਉਸ ਅਕਾਲ ਪੁਰਖ ਦੇ ਸ਼ੁਕਰਾਨੇ ਵੱਲ ਹੈ।

ਲਸ਼ਕਰ -----ਫ਼ੌਜ।
ਜ਼ਰ ---------ਧਨ ਦੌਲਤ।
ਯਜ਼ਦਾਂ ------ਪਰਮੇਸ਼ਰ।

Aurangzeb! While you are proud of your military might and all the wealth at your disposal, I am looking towards the Lord to whom I am always greatful.



Scanned by CamScanner

Scanned by CamScanner

ਜ਼ਫ਼ਰਨਾਮਾ

که او را غرور است بر ملک و مال
و ما را پناه است یزدان اکال

ਕਿ ਊ ਰਾ ਗ਼ਰੂਰ ਅਸਤ ਬਰ ਮੁਲਕੋ ਮਾਲ।
ਵ ਮਾਰਾ ਪਨਾਹ ਅਸਤ ਯਜ਼ਦਾਂ ਅਕਾਲ। ੧੦੩

कि ऊ रा गरूर असत बर मुलको माल।
व मारा पनाह असत यज़दां अकाल।

KE O RA GAROOR AST BAR MULK-O MAAL

VA MARA PANAH AST YAZDAAN AKAAL

ਹੇ ਔਰੰਗਜ਼ੇਬ! ਤੈਨੂੰ ਧਨ ਦੌਲਤ ਅਤੇ ਰਾਜ ਭਾਗ ਦਾ ਮਾਣ ਹੈ। ਮੈਂ ਉਸ ਪਰਮੇਸ਼ਰ ਦੀ ਸ਼ਰਨ ਵਿੱਚ ਹਾਂ।

ਗਰੂਰ ........ ਮਾਣ, ਹੰਕਾਰ।
ਪਨਾਹ ....... ਸ਼ਰਨ।
ਯਜ਼ਦਾਂ ..... ਪਰਮੇਸ਼ਰ।

Aurangzeb! While you have proud of wealth and strength of your empire, I am under the protection of the Supreme Lord.



Scanned by CamScanner
Scanned by CamScanner

تو غافل مشو این سپنجی سرای
کہ عالم بگزرد سرے جا بجای

ਤੂ ਗਾਫ਼ਲ ਮਸ਼ਊ ਈ ਸਪੰਜੀ ਸਰਾਈ।
ਕਿ ਆਲਮ ਬ-ਗੁਜ਼ਰਦ ਸਰੇ ਜਾ ਬਜਾਈ। ੧੦੪

तू गाफ़ल मशऊ ई सपंजी सराई।
कि आलम ब-गुज़रद सरे जा बजाई।

TU GAAFAL MASH-OO EEN SEPANJI SARA-E
KE AALAM B-GUZRAD SAR-E JA-B-JA-E

ਔਰੰਗਜ਼ੇਬ ! ਤੂੰ ਭੁਲੇਖੇ ਵਿੱਚ ਹੈਂ, ਇਹ ਸੰਸਾਰ ਇੱਕ ਸਰਾਂ ਦੀ ਤਰ੍ਹਾਂ ਹੈ। ਸਾਰੀ ਦੁਨੀਆਂ ਆਪਣੀ ਵਾਰੀ ਸਿਰ ਇਸ ਨੂੰ ਛੱਡ ਜਾਂਦੀ ਹੈ। ਸਮਾਂ ਲੰਘਦਾ ਜਾ ਰਿਹਾ ਹੈ।

ਗਾਫ਼ਲ ......... ਨਾਦਾਨ, ਭੁਲੇਖੇ ਵਿੱਚ।
ਸਰਾਂਈ ......... ਸਰਾਂ।
ਆਲਮ ......... ਸੰਸਾਰ।

Aurangzeb! Be aware that this world is like an inn where each person come to stay for a short Period. And once his time is over, he departs and yields his place to others while the world keeps moving.



Scanned by CamScanner

Scanned by CamScanner

ببینی گردش بیوفائی زماں
کہ بر ھر بگزرد مکین و مکاں

ਬਬੀਂ ਗਰਦਿਸ਼ੇ ਬੇਵਫ਼ਾਈ ਏ ਜਮਾਂ।
ਕਿ ਬਰ ਹਰ ਬ-ਗੁਜ਼ਰਦ ਮਕੀਨੋ ਮਕਾਂ। ੧੦੫

बबीं गारदिशे बेवफ़ाई ए जमां।
कि बर हर ब-गुज़रद मकीनो मकां।

B-BEEN GARDISH-E BE-WAFAAI-E ZAMAAN
KE BAR HAR B-GUZRAD MAKEEN-O MAKAAN

ਇਸ ਬੇਵਫ਼ਾ ਜ਼ਮਾਨੇ ਦੇ ਚੱਕਰ ਨੂੰ ਦੇਖ ਜੋ ਹਰ ਇੱਕ ਮੁਕਾਮ ਤੇ ਮਕਾਨ ਦੇ ਉੱਤੋਂ ਦੀ ਲੰਘ ਰਿਹਾ ਹੈ, ਭਾਵ ਇਸ ਦਾ ਵਾਰ ਦੁਨੀਆਂ ਦੀ ਹਰ ਚੀਜ਼ ਉੱਪਰ ਹੁੰਦਾ ਹੈ।

ਬਬੀਂ ...... ਦੇਖਣਾ।
ਗਰਦਿਸ਼ੇ ..... ਚੱਕਰ।
ਬਰ ........ ਹਰ ਇੱਕ।
ਮਕੀਨੋ ਮਕਾਂ ..... ਵਸਦੇ ਘਰ।

*Look at the unfaithfulness of the world that everyone is crossing the house of others without any restriction.*



Scanned by CamScanner
Scanned by CamScanner

تو با جبر عاجز خراشی مکن
قسم را بتیشه تراشی مکن

ਤੂ ਬਾ ਜਬਰ ਆਜਿਜ਼ ਖ਼ਰਾਸ਼ੀ ਮਕੁਨ।
ਕਸਮ ਰਾ ਬ-ਤੀਸ਼ਹ ਤਰਾਸ਼ੀ ਮਕੁਨ। ੧੦੬

तू बा जबर आजिज़ ख़राशी मकुन।
कसम रा ब-तीशह तराशी मकुन।

TU BA JABR AJIZ KHARAASHI MAKUN
KASAM RA B-TEESHEH TARAASHI MAKUN

ਹੇ ਔਰੰਗਜ਼ੇਬ! ਤੂੰ ਆਪਣੀਆਂ ਫ਼ੌਜਾਂ ਰਾਹੀਂ ਗ਼ਰੀਬਾਂ ਅਤੇ ਮਜ਼ਲੂਮਾਂ ਨੂੰ ਦੁਖੀ ਨਾ ਕਰ। ਉਹਨਾਂ ਬੇਸਹਾਰਾਂ 'ਤੇ ਝੂਠੀਆਂ ਸੌਹਾਂ ਖਾ ਕੇ ਜ਼ੁਲਮ ਨਾ ਕਰ। ਆਪਣੀ ਕਸਮ ਦੇ ਤੇਸੇ ਨਾਲ਼ ਉਹਨਾ ਨੂੰ ਨਾ ਛਿੱਲ।

ਜਬਰ ---- ਧੱਕਾ।
ਆਜਿਜ਼ .... ਮਜ਼ਲੂਮ।
ਖ਼ਰਾਸ਼ੀ ---- ਦੁੱਖ ਦੇਣਾ।
ਤੀਸ਼ਹ ਤਰਾਸ਼ੀ ---- ਤੇਸੇ ਨਾਲ਼ ਛਿੱਲਣਾ।

Aurangzeb! stop torturing the week and the timid with your military might. Do not oppress these helpless people on (false) oaths.



Scanned by CamScanner

Scanned by CamScanner

حق یار باشد چہ دشمن کند
اگر دشمنی را بصد تن کند

ਹਕ ਯਾਰ ਬਾਸ਼ਦ ਚਿ ਦੁਸ਼ਮਨ ਕੁਨਦ।
ਅਗਰ ਦੁਸ਼ਮਨੀ ਰਾ ਬ-ਸਦ ਤਨ ਕੁਨਦ। ੧੦੭

हक यार बाश्द चि दुश्मन कुनद।
अगर दुश्मनी रा ब-सद तन कुनद।

HAK YAR BAASHAD CHE DUSHMAN KUNAD
AGAR DUSHMANI RA B-SAD TAN KUNAD

ਜੇਕਰ ਪਰਮੇਸ਼ਰ ਉਸ ਦਾ ਦੋਸਤ ਹੋਵੇ ਤਾਂ ਦੁਸ਼ਮਣ ਕੀ ਕਰ ਸਕਦਾ ਹੈ, ਭਾਵੇਂ ਸੈਂਕੜੇ ਆਦਮੀ ਉਸ ਨੂੰ ਮਾਰਨ ਲਈ ਭੇਜੇ ਹੋਣ।

ਯਾਰ ..... ਰੱਬ ।
ਕੁਨਦ .... ਕਰ ਸਕਦਾ।
ਸਦ .....ਸੌ ।
ਤਨ ......ਆਦਮੀ।

When God Almighty is One's friend, what can the enemy do even if he sends hundreds of men upon him.



Scanned by CamScanner
Scanned by CamScanner

خصم دشمنی گر هزار آورد
نه یک موی اورا آزار آورد

ਖ਼ਸਮ ਦੁਸ਼ਮਨੀ ਗਰ ਹਜ਼ਾਰ ਆਵਰਦ।
ਨਾ ਯਕ ਮੂਈ ਓਰਾ ਆਜ਼ਾਰ ਆਵਰਦ। ੧੦੮

ख़सम दुशमनी गर हज़ार आवरद।
ना यक मूई ओरा आज़ार आवरद।

KHASAM DUSHMANI GAR HAZAAR AAWARD
NA YAK MU-E O-RA AAZAAR AAWARD

ਜੇ ਦੁਸ਼ਮਣ ਹਜ਼ਾਰਾਂ ਦੀ ਗਿਣਤੀ ਵਿੱਚ ਹੋਵੇ ਤਾਂ ਵੀ (ਜੇ ਉਹ ਪਰਮੇਸ਼ਰ ਦੀ ਸ਼ਰਨ ਵਿੱਚ ਹੋਵੇ) ਉਸ ਇਕੱਲੇ ਨੂੰ ਵਾਲ਼ ਜਿੰਨਾ ਦੁੱਖ ਨਹੀਂ ਲਿਆ ਸਕਦਾ।

ਆਵਰਦ ..... ਲਿਆਉਣਾ।
ਯਕ ...... ਇੱਕ।
ਮੂਈ ..... ਵਾਲ਼।
ਆਜ਼ਾਰ ...... ਵਿੰਗਾ।

If the enemy brings thousands of his men against an individual, (Who has the protection of Lord) not even a single hair of his will be harmed. .



Scanned by CamScanner
Scanned by CamScanner

ਜ਼ਫ਼ਰਨਾਮਾ

اگنجو ابھنجو اروپو اریکھ

اگادھو ابادھو ابرمو الیکھ

ਅਗੰਜੋ ਅਭੰਜੋ ਅਰੂਪੋ ਅਰੇਖ ।
ਅਗਾਧੋ ਅਬਾਧੋ ਅਭਰਮੋ ਅਲੇਖ । ੧੦੯

अगंजो अभंजो अरूपो आरेख ।
अगाधो अबाधो अभरमो आलेख ।

AAGANJ-O AABHANJ-O AAROOP-O AAREKH
AAGADO AABAD-O AABARMO AALEKH

ਇਸ ਖ਼ਤ ਦੇ ਅੰਤ ਵਿੱਚ ਪ੍ਰਮੇਸ਼ਰ ਦਾ ਧੰਨਵਾਦ ਕਰਦੇ ਹਨ ਕਿ ਪ੍ਰਮੇਸ਼ਰ ਗਿਣਤੀ ਤੋਂ ਰਹਿਤ, ਨਾਸ ਤੋਂ ਰਹਿਤ, ਰੂਪ ਰਹਿਤ ਅਤੇ ਰੇਖ ਰਹਿਤ ਹੈ। ਉਹ ਡੂੰਘਾ, ਬੰਧਨਾਂ ਤੋਂ ਮੁਕਤ, ਭਰਮ ਰਹਿਤ ਤੇ ਲੇਖੇ ਵਿੱਚ ਨਹੀਂ ਅਰਥਾਤ ਬੇਅੰਤ ਹੈ।

ਅਗੰਜੋ ..... ਗਿਣਤੀ ਰਹਿਤ, ਅਣਗਿਣਤ।
ਅਭੰਜੋ .... ਨਾਸ ਰਹਿਤ।

In the end of this letter, Sri Guru Gobind Singh ji thanks the Almighty God who is uncountable, without any name, without any features and cannot be described. He is too deep to know. He is free from all worldly adherences and doubts. He is limitless.



Scanned by CamScanner

Scanned by CamScanner

ارا گو ا رُو پو ا ریکھو ا رنگ

اجنمو ابرنو ابھوتو ابھنگ

ਅਰਾਗੋ ਅਰੂਪੋ ਅਰੇਖੋ ਅਰੰਗ ।
ਅਜਨਮੋ ਅਬਰਨੋ ਅਭੂਤੋ ਅਭੰਗ । ੧੧੦

अरागो अरूपो अरेखो अरंग ।
अजनमो अबरनो अभूतो अभंग ।

AARAG-O AAROOP-O AAREKHO AARANG
AAJNAM-O AABARNO AABHOOT-Q AABHAG

ਉਹ ਅਕਾਲ ਪੁਰਖ ਰਾਗ ਦ੍ਵੈਸ਼ ਤੋਂ ਰਹਿਤ ਹੈ, ਨਿਰਾਕਾਰ ਹੈ, ਉਸ ਦੀ ਕੋਈ ਰੇਖਾ ਨਹੀਂ ਤੇ ਉਹ ਕਿਸੇ ਰੰਗ ਵਾਲ਼ਾ ਨਹੀਂ। ਉਹ ਜਨਮ, ਤੱਤ ਤੇ ਨਾਸ ਤੋਂ ਰਹਿਤ ਹੈ।

ਅਰਾਗੋ ...... ਰਾਗ ਦ੍ਵੈਸ਼ ਤੋਂ ਬਿਨਾ।
ਅਰੂਪੋ ..... ਨਿਰਾਕਾਰ।
ਅਬਰਨੋ .... ਵਰਨ ਰਹਿਤ।
ਅਭੂਤ ..... ਤੱਤ ਰਹਿਤ।

The Almighty God is very away from jealousy. He has no features, no colour, neither He takes birth and nor have any name and elements.



Scanned by CamScanner

Scanned by CamScanner

اچھیدو ابھیدو اکرمو اکام

اخیدو ابھیدو ابھرمو ابھام

ਅਛੇਦੋ ਅਭੇਦੋ ਅਕਰਮੋ ਅਕਾਮ।
ਅਖੇਦੋ ਅਭੇਦੋ ਅਭਰਮੋ ਅਭਾਮ। ੧੧੧

अछेदो अभेदो अकर्मो अकाम।
अखेदो अभेदो अभर्मो अभाम।

AACHHED-O AABHED-O AAKARM-O AAKAM
AAKHED-O AABHED-O AABHARM-O AABHAM

ਉਹ ਪ੍ਰਮਾਤਮਾ ਕੱਟੇ ਜਾਣ ਵਾਲਾ ਨਹੀਂ ਅਤੇ ਭੇਦਾਂ ਤੋਂ ਰਹਿਤ ਹੈ। ਕਰਮਾਂ ਤੇ ਕਾਮਨਾ ਤੋਂ ਰਹਿਤ ਹੈ। ਉਹ ਦੁੱਖਾਂ, ਭੇਦਾਂ ਅਤੇ ਭਰਮਾਂ ਤੋਂ ਰਹਿਤ ਹੈ।

ਅਕਰਮੋ ...... ਕਰਮਾਂ ਤੋਂ ਰਹਿਤ।
ਅਕਾਮ ...... ਕਾਮਨਾ ਤੋਂ ਰਹਿਤ।
ਅਭਰਮੋ ਅਭਾਮ .... ਭੇਦਾਂ ਭਰਮਾਂ ਤੋਂ ਰਹਿਤ।

The Almighty God is Indestructible and Impenertrable. He is free from all deeds and desires. He is free from sorrows, discrimations and all doubts.



Scanned by CamScanner

Scanned by CamScanner

## ਜ਼ਫ਼ਰਨਾਮਾ

اریکھو ابھیکھو الیکھو ابھنگ
خداوند بخشندهٔ رنگ رنگ

ਅਰੇਖੋ ਅਭੇਖੋ ਅਲੇਖੋ ਅਭੰਗ ।
ਖ਼ੁਦਾਵੰਦ ਬਖ਼ਸ਼ਿੰਦਹ ਏ ਰੰਗ ਰੰਗ। ੧੧੨

अरेखो अभेखो अलेखो अभंग ।
ख़ुदावंद बख़शिंदह ए रंग रंग ।

AAREKH-O AABHEKHO AALEKHO AABHANG
KHUDAWAND BAKHSHINDEH-E RANG RANG

ਉਹ ਪ੍ਰਮਾਤਮਾ ਕਿਸੇ ਰੇਖ, ਭੇਖ ਤੇ ਲੇਖ ਵਿੱਚ ਨਹੀਂ ਤੇ ਨਾਸ ਰਹਿਤ ਹੈ। ਉਹ ਹਰ ਤਰ੍ਹਾਂ ਦੀਆਂ ਬਖ਼ਸ਼ਸ਼ਾਂ ਕਰਨ ਵਾਲ਼ਾ ਹੈ।
ਅਰੇਖੋ .... ਰੇਖਾ ਰਹਿਤ
ਰੰਗ ਰੰਗ .... ਤਰ੍ਹਾਂ ਤਰ੍ਹਾਂ ਦੀਆਂ।

The almighty God has no features, can not be described and do n't have any name. He is the giver of all the blessings.



Scanned by CamScanner
Scanned by CamScanner

ਜ਼ਫ਼ਰਨਾਮਾ ਦੇ ਕਈ ਟੀਕਾ ਕਾਰਾਂ ਨੇ ਸ਼ੇਅਰ ਨੰ: 61 ਤੋਂ ਅੱਗੇ ਤਿੰਨ ਸ਼ੇਅਰ ਹੋਰ ਦਰਸਾਇ ਹਨ। ਇਹ ਤਿੰਨ ਸ਼ੇਅਰ ਆਖੇਪਕ ਜਾਪਦੇ ਹਨ ਕਿਉਂਕਿ ਪੁਰਾਤਨ ਖਰੜਿਆਂ ਵਿੱਚ ਇਹ ਸ਼ੇਅਰ ਨਹੀ ਹਨ। ਪਰ ਇਹ ਗਿਆਨੀ ਨਰੈਣ ਸਿੰਘ ਜੀ ਦੇ ਟੀਕੇ 'ਜ਼ਫ਼ਰਨਾਮਹ ਪਾ:੧੦ ਸਟੀਕ' ਵਿੱਚ ਹਨ। ਇਹਨਾਂ ਦੇ ਬਹੁਤੇ ਪ੍ਰਮਾਣਿਕ ਨਾ ਜਾਪਣ ਦਾ ਇੱਕ ਕਾਰਨ ਇਹ ਵੀ ਹੈ ਕਿ ਗੁਰੂ ਜੀ ਦੁਆਰਾ ਔਰੰਗਜ਼ੇਬ ਤੋਂ ਇੱਕ ਹਜ਼ਾਰ ਦੀ ਕੀਮਤ ਵਾਲ਼ਾ ਘੋੜਾ ਮੰਗਾਣਾ ਤੇ ਫ਼ਿਰ ਹੀ ਇਲਾਕਾ ਖਾਲੀ ਕਰਨ ਬਾਰੇ ਸਹਿਮਤ ਹੋਣਾ ਗੁਰੂ ਜੀ ਦੀ ਉੱਚੀ ਸਖਸ਼ੀਅਤ ਅਤੇ ਕਰਨੀ ਨਾਲ਼ ਮੇਲ ਨਹੀਂ ਖਾਂਦਾ।

ਸੋ ਇਹ ਤਿੰਨ ਸ਼ੇਅਰ ਇਸ ਪੁਸਤਕ ਦੇ ਪਿਛਲੇ ਪੰਨਿਆਂ ਤੇ ਇਸ ਕਰਕੇ ਦਰਜ ਕੀਤੇ ਹਨ ਕਿ ਇਹ ਪਾਠਕਾਂ ਦੀ ਪਰਖ-ਪੜਚੋਲ ਦੀ ਜਗਿਆਸਾ ਤੀਬਰ ਕਰਨ ਅਤੇ ਜੇ ਉਹ ਚਾਹੁਣ ਤਾਂ ਇਸ ਦੇ ਬਾਰੇ ਘੋਖ ਕਰ ਸਕਦੇ ਹਨ।

ਸੋ ਕਿਸੇ ਕਿਸਮ ਦੇ ਵਾਦ-ਵਿਵਾਦ ਤੋਂ ਬਚਦਿਆਂ ਇਹ ਤਿੰਨੋ ਸ਼ੇਅਰ ਵੀ ਪਾਠਕਾਂ ਦੇ ਸਨਮੁਖ ਹਾਜ਼ਰ ਹਨ :-



Scanned by CamScanner
Scanned by CamScanner

# ਜ਼ਫ਼ਰਨਾਮਾ

یک اسب شایستہ یک ہزار
بیا تا بگیری بمن این دیار

ਯਕ ਅਸਬ ਸ਼ਾਯਸਤਹ ਯਕ ਹਜ਼ਾਰ ।
ਬਿਆ ਤਾ ਬਗੀਰੀ ਬਮਨ ਈਂ ਦਿਯਾਰ ।

यक असब शायसतह यक हज़ार।
बिया ता बगीरी बमन ईं दियार।

YAKK AASB SHAYASTAH YAKK HAZAAR
BEYA TAA BAGIRI BAMAN EEN DIYAAR

ਇੱਕ ਬਹੁਤ ਸੁੰਦਰ, ਇੱਕ ਹਜ਼ਾਰ ਦੀ ਕੀਮਤ ਵਾਲ਼ਾ ਘੋੜਾ ਲੈ ਕੇ ਆ, ਫਿਰ ਮੇਰੇ ਕੋਲੋਂ ਇਹ ਇਲਾਕਾ ਲੈ ਲਵੀਂ।

ਯਕ ..... ਇੱਕ।
ਆਸਬ ... ਘੋੜਾ ।
ਸ਼ਾਯਸਤਹ ... ਸੁੰਦਰ ।
ਬਿਆ ... ਲਿਆ।
ਬਗੀਰੀ ... ਲੈ ਲਵੀਂ ।
ਦਿਯਾਰ ... ਦੇਸ ।

Bring one beautiful horse of thousand worth. Then take this Region from me.



Scanned by CamScanner

Scanned by CamScanner

# ਜ਼ਫ਼ਰਨਾਮਾ

شہنشاہ را بندہ ٔ چاکرم

اگر حکم آید بہ جاں حاضرم

ਸ਼ਹਨਸ਼ਾਹ ਰਾ ਬੰਦਹ ਏ ਚਾਕਰਮ ।
ਅਗਰ ਹੁਕਮ ਆਯਦ ਬ-ਜਾਂ ਹਾਜ਼ਰਮ।

शहनशह रा बंदह ए चाकरम ।
अगर हुक्म आयद ब-जां हाज़रम।

SHAHANSHAH RA BANDEH E CHAKRAM
AGAR HUKAM AAYAD B-JAAN HAZRAM

ਮੈਂ ਉਸ ਬਾਦਸ਼ਾਹ ਪ੍ਰਮੇਸ਼ਰ ਦਾ ਦਾਸ ਹਾਂ, ਸੇਵਕ ਹਾਂ, ਜੇ ਉਸ ਦਾ ਹੁਕਮ ਆ ਜਾਵੇ ਤਾਂ ਮੈਂ ਜਾਨ ਸਮੇਤ ਹਾਜ਼ਰ ਹਾਂ।

ਸ਼ਹਨਸ਼ਾਹ ....... ਬਾਦਸ਼ਾਹ।
ਬੰਦਹ ...... ਸੇਵਕ।
ਚਾਕਰਮ ...... ਦਾਸ ।
ਆਯਦ ...... ਆ ਜਾਵੇ ਤਾਂ।
ਹਾਜ਼ਰਮ ---- ਹਾਜ਼ਰ।

GURU JI says that I am the servant of that Almighty God (King of Kings) and if His order is there I am ready with my life.

੨



Scanned by CamScanner
Scanned by CamScanner

# ਜ਼ਫ਼ਰਨਾਮਾ

اگرچہ بہ آید بہ فرمان من
حضورت بیایم ہمہ جان و تن

ਅਗਰ ਚਿ ਬੇ ਆਯਦ ਬ ਫ਼ੁਰਮਾਨ ਮਨ।
ਹਜ਼ੂਰਤ ਬੇ ਆਯਮ ਹਮਹ ਜਾਨੋ ਤਨ।

अगर चि बे आयद ब फ़ुरमान मन।
हज़ूरत बे आयद हमह जानो तन।

AAGAR CHE BE-AAYAD B-FURMAN MAAN
HAZURAT BE AAYAD HUMH JAN-O TAAN

ਜੇਕਰ ਮੈਨੂੰ ਉਸ ਪ੍ਰਮਾਤਮਾ ਦਾ ਹੁਕਮ ਆ ਗਿਆ ਤਾਂ ਮੈਂ ਤੇਰੇ ਸਾਹਮਣੇ ਜਾਨ ਅਤੇ ਸਰੀਰ ਲੈ ਕੇ ਆ ਜਾਵਾਂਗਾ।

ਅਗਰਚਿ ----- ਜੇਕਰ।
ਆਯਦ ---— ਆ ਗਿਆ।
ਫ਼ੁਰਮਾਨ ..... ਹੁਕਮ।
ਬੇ ਆਯਮ .... ਆਵਾਂਗਾ।
ਜਾਨੋ ਤਨ ..... ਜਾਨ ਤੇ ਸਰੀਰ।

If I got the orders of the God, I would be infront of you with my body and life.



Scanned by CamScanner
Scanned by CamScanner

Scanned by CamScanner

Scanned by CamScanner

ਸਾਹਿਬ ਏ ਕਮਾਲ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਮੁਬਾਰਕ ਕਾਨੀ ਤੋਂ ਔਰੰਗਜ਼ੇਬ ਨੂੰ ਇੱਕ ਆਲੀਸ਼ਾਨ ਸ਼ੈਲੀ: ਫ਼ਾਰਸੀ ਬੈਂਤਾਂ ਵਿੱਚ ਵਿਜੈ ਪੱਤਰ- ਜ਼ਫ਼ਰਨਾਮਾ 1762 ਬਿਕਰਮੀ ਨੂੰ ਲਿਖ ਕੇ ਆਪਣੇ ਪਰਮ ਪਿਆਰੇ ਸਿੰਘਾਂ ਭਾਈ ਦਇਆ ਸਿੰਘ ਜੀ ਅਤੇ ਭਾਈ ਧਰਮ ਸਿੰਘ ਜੀ ਰਾਹੀਂ ਪਿੰਡ ਦੀਨਾ ਕਾਂਗੜ (ਗੁਰਦੁਆਰਾ ਲੋਹਗੜ੍ਹ ਸਾਹਿਬ) ਦੇ ਪਾਵਨ ਅਸਥਾਨ ਤੋਂ ਦੱਖਣ ਵੱਲ ਭੇਜਿਆ।

ਇਸ ਪੱਤਰ ਨੂੰ ਪੜ੍ਹ ਕੇ ਔਰੰਗਜ਼ੇਬ ਦੇ ਮਨ ਤੇ ਉਸਦੇ ਗੁਨਾਹਾਂ ਤੇ ਕਮਜ਼ੋਰੀਆਂ ਦੇ ਅਹਿਸਾਸ ਨੇ ਪ੍ਰਭਾਵ ਪਾਇਆ ਕਿ ਉਸ ਨੇ ਇਸੇ ਗ਼ਮ ਵਿੱਚ ਆਪਣੇ ਪ੍ਰਾਣ ਤਿਆਗ ਦਿੱਤੇ। ਔਰੰਗਜ਼ੇਬ ਦੀ ਮੌਤ ਦੀ ਖ਼ਬਰ ਗੁਰੂ ਜੀ ਨੂੰ ਰਾਜਸਥਾਨ ਵਿੱਚ ਭੀਲਵਾੜੇ ਲਾਗੇ ਬਘੌਰ ਸਾਹਿਬ ਵਿਖੇ ਮਿਲੀ।



ਜਗਤਾਰ ਸਿੰਘ ਸੋਖੀ

**DEV PHOTOSTAT**
FEROZEPUR CITY.
MB. : 98152-87029
Email : kabirmithu006@gmail.com

ਭੇਟਾ : 100/- ਰੁ:

Scanned by CamScanner
Scanned by CamScanner